
# ਸੁੜਕੋ ਸੁੜਕੀ ਪੌਣ



ਚਰਨ ਸਿੰਘ

# ਮੁੜਕੋ ਮੁੜਕੀ ਪੌਣ

(ਕਾਵਿ-ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼

ਰਘਬੀਰ ਰਚਨਾ ਪ੍ਰਕਾਸ਼ਨ

**MURKO MURKI PAUN**
(A Collection of Poems)
By : Charan Singh
9251, Arvida, Dr.
Richmond B.C.
V7A 4K5
Canada
Phone : 604-448-0331

© Author

Edition : 2009

Price : Rs. 130/-

ISBN : 978-81-7914-317-9

Title Designed by : T. Singh

**Published by :**
Tarlochan Publishers
3236, Sector 15-D, Chandigarh
Tel. : 0172-4613236 (M) 98786 03236
E-mail : tarlochanpublishers@yahoo.co.in

**Branch :** CB-67D, DDA Flats, Hari Nagar, New Delhi-64

---

ਮੁੜਕੋ ਮੁੜਕੀ ਪੌਣ (ਕਾਵਿ-ਸੰਗ੍ਰਹਿ), ਲੇਖਕ : ਚਰਨ ਸਿੰਘ
ਪ੍ਰਕਾਸ਼ਕ : ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ
ਛਾਪਕ : ਮੋਨਾ ਐਂਟਰਪ੍ਰਾਈਜਸ, ਦਿੱਲੀ

ਮਨਜੀਤ ਮੀਤ ਦੇ ਨਾਂ

## ਚਰਨ ਸਿੰਘ ਦਾ ਜੀਵਨ—ਬਿਉਰਾ

ਨਾਮ : ਚਰਨ ਸਿੰਘ

ਜਨਮ : ਪਿੰਡ ਬੇਗੋਵਾਲ, ਨਵੰਬਰ 1/1947

ਪਿਤਾ ਦਾ ਨਾਮ : ਲਾਲ ਸਿੰਘ

ਮਾਤਾ ਦਾ ਨਾਮ : ਸੰਤ ਕੌਰ

ਪਤਨੀ : ਪ੍ਰਕਾਸ਼ ਕੌਰ

ਮੁੱਢਲੀ ਵਿੱਦਿਆ : ਸਿਆਲਕੋਟ ਖਾਲਸਾ ਹਾਈ ਸਕੂਲ ਜਲੰਧਰ

ਉੱਚ ਵਿੱਦਿਆ : ਲਾਇਲਪੁਰ ਖਾਲਸਾ ਕਾਲਜ ਜਲੰਧਰ, ਐਮ.ਏ. ਪੰਜਾਬੀ

ਚਰਨ ਸਿੰਘ 1980 ਤੋਂ ਕੈਨੇਡਾ ਰਹਿ ਰਿਹਾ ਹੈ

## ਪੁਸਤਕਾਂ

(1) ਤੀਸਰੀ ਅੱਖ (ਕਾਵਿ ਸੰਗ੍ਰਹਿ)

(2) ਮਿੱਟੀ 'ਚ ਉਕਰੇ ਅੱਖਰ (ਕਾਵਿ ਸੰਗ੍ਰਹਿ)

(3) ਸ਼ੂਨਯ ਬੋਧ (ਕਾਵਿ ਸੰਗ੍ਰਹਿ)

(4) ਆਪੇ ਬੋਲ ਸੂਤ (ਲੰਬੀ ਕਵਿਤਾ)

(5) ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ)

(6) ਗਗਨ ਮੈਂ ਥਾਲੁ (ਕਾਵਿ ਸੰਗ੍ਰਹਿ)

(7) ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ)

(8) ਮੁੜਕੋ ਮੁੜਕੀ ਪੌਣ (ਕਾਵਿ ਸੰਗ੍ਰਹਿ)

(9) ਵਿਪਰੀਤ (ਕਾਵਿ ਸੰਗ੍ਰਹਿ)

(10) ਬਿੰਦੂ ਤੇ ਦਾਇਰੇ (ਕਾਵਿ ਸੰਗ੍ਰਹਿ)

## ਛਪਾਈ ਅਧੀਨ ਪੁਸਤਕਾਂ

(11) ਤੁੱਪਕਾ ਤੁੱਪਕਾ ਸੂਰਜ (ਕਾਵਿ ਸੰਗ੍ਰਹਿ)
(12) ਹੋਂਦ ਦੀ ਤਲਾਸ਼ (ਲੰਬੀ ਕਹਾਣੀ)
(13) ਪ੍ਰਕਰਮਾ (ਕਾਵਿ ਸੰਗ੍ਰਹਿ)
(14) ਅੰਤਰੀਵ (ਕਾਵਿ ਸੰਗ੍ਰਹਿ)
(15) ਸੂਰਜ ਤੇ ਕਿਰਨਾਂ (ਕਾਵਿ ਸੰਗ੍ਰਹਿ)
(16) ਤ੍ਰੈਕਾਲ (ਕਾਵਿ ਸੰਗ੍ਰਹਿ)
(17) ਤ੍ਰਿਵੈਣੀ (ਕਾਵਿ ਸੰਗ੍ਰਹਿ)
(18) ਰਿਸ਼ਮਾ (ਕਾਵਿ ਸੰਗ੍ਰਹਿ)
(19) ਦਰਪਣ (ਕਾਵਿ ਸੰਗ੍ਰਹਿ)
(20) ਕਿਵ ਸੱਚਿਆਰਾ ਹੋਈਐ (ਨਾਟਕ)
(21) ਬੁੱਕਲ (ਕਾਵਿ ਸੰਗ੍ਰਹਿ)
(22) ਤੋਤਲੇ ਗੀਤ

## ਅਵਾਰਡਜ਼

(1) ਸ਼ਾਮੇ ਪੰਜਾਬ DISTINCTION AWARD
FROM : INDO - CANADIAN TIMES 198
(2) AWARD OF DISTINCTION
FROM : INDO - CANADIAN TIMES 1986
(3) PROF MOHAN SINGH MEMOREAL
FOUNDATION, CANADA.
AWARD FOR THE CONRIBUTION TO
PUNJABI LITRATURE 2007
(4) N R I SABHA JALANDHAR CITY
AWARD OF DISTINCTION 2003
(5) AWARD OF DISTINCTION
FROM : RADIO RIMJIM CANADA 1993
(6) ਸ਼ੂਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ
MA PUNJABI AS A TEXT BOOK
(7) ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ
ਚਰਨ ਸਿੰਘ ਦੀਆਂ ਪੁਸਤਕਾਂ ਤੇ Ph.D. ਕੀਤੀ

-0-

# ਤਤਕਰਾ


| | | |
|---|---|---|
| 01. | ਰਖਵਾਲਾ | 7 |
| 02. | ਕੱਲਰੀ ਮਿੱਟੀ | 10 |
| 03. | ਤਲਾਸ਼ | 13 |
| 04. | ਇਸ਼ਕ | 15 |
| 05. | ਉਡੀਕ ਇੱਕ | 19 |
| 06. | ਉਡੀਕ ਦੋ | 20 |
| 07 | ਮਨੁੱਖ ਵਿਚਲਾ ਮਨੁੱਖ | 21 |
| 08. | ਨੌ ਦਰਵਾਜ਼ੇ | 28 |
| 09. | ਜੰਡ | 35 |
| 10. | ਸੁਫ਼ਨਾ ਤੇ ਯਾਦ | 36 |
| 11. | ਅਹਿਸਾਸ ਦੀ ਸੂਲੀ | 38 |
| 12. | ਮੈਂ ਤੋਂ ਤੂੰ ਦਾ ਵਿਸਥਾਰ | 40 |
| 13. | ਅਨੇਕਤਾ 'ਚ ਏਕਤਾ | 45 |
| 14. | ਵਿਵੇਕ | 51 |
| 15. | ਸੱਚ ਤੇ ਸੁੰਦਰਤਾ | 57 |
| 16. | ਵਿਗਿਆਨ ਤੇ ਦਰਸ਼ਨ | 65 |
| 17. | ਸਦੀਆ ਦੀ ਅਵਾਰਗੀ | 72 |
| 18. | ਪਾੜ੍ਹਾ | 80 |
| 19. | ਗਿਆਨ | 86 |
| 20. | ਦੋਸਤੀ | 90 |
| 21. | ਹਸਤਨਾਪੁਰ ਦਾ ਧੜ | 97 |

## ਰਖਵਾਲਾ

ਮੈਂ ਇਸ ਸ਼ਹਿਰ ਦੀਆਂ ਨੀਹਾਂ ਹੇਠ
ਆਏ ਪਿੰਡ ਦਾ ਚੌਂਕੀਦਾਰ ਹਾਂ
ਮੈਂ ਰਾਤ ਨੂੰ ਕਦੀ ਨਹੀਂ ਸੁੱਤਾ
ਪਹਿਰੇ ਤੇ ਹੀ ਰਿਹਾ ਹਾਂ
ਮੈਂ ਦਿਨੇ ਵੀ ਨਹੀਂ ਸੁੱਤਾ
ਮੈਂ ਸਾਰੀ ਉਮਰ ਜਾਗਦਾ ਹੀ ਰਿਹਾ ਹਾਂ

-0-

ਮੈਂ ਸੁੱਤਾ ਹਾਂ ਜਦੋਂ ਪਿੰਡ ਜਾਗਦਾ ਸੀ
ਆਪਣੇ ਮਾਲ ਡੰਗਰ ਦੀ ਰਾਖੀ ਕਰਦਾ ਸੀ
ਤੇ ਸੰਭਾਲਦਾ ਸੀ

-0-

ਪਰ ਇਹ ਸ਼ਹਿਰ
ਪਤਾ ਨਹੀਂ ਕਿਸ ਤਰ੍ਹਾਂ
ਪਿੰਡ 'ਚ ਘੁਸ ਆਇਆ
ਪਿੰਡ ਦੀ ਕਬਰ ਚੋਂ ਉੱਗਾ
ਪਿੱਪਲ ਤੇ ਬੋਹੜ ਦੀ ਛਾਂ
ਵਾਂਗ ਛਾਅ ਗਿਆ

-0-

ਪਿੰਡ ਦੇ ਸੁੰਦਰ ਨਕਸ਼ ਰੰਗ ਰੂਪ
ਨਿਗਲ ਗਿਆ
ਰੁੱਖਾਂ ਪਸ਼ੂਆਂ ਪੰਛੀਆਂ ਦੀਆਂ
ਜੀਭਾਂ ਟੁੱਕ ਗਿਆ
ਪਿੰਡ ਦਾ ਸੁਭਾਅ
ਤੇ ਕੁਦਰਤੀ ਹੁਸਨ ਪੀ ਗਿਆ
ਪਿੰਡ ਦੀ ਵੱਖੀ ਚੋਂ ਵਗਦੀ ਨਦੀ
ਸੁਕਾ ਗਿਆ
ਖੂਹ, ਖੂਹੀਆਂ ਦਾ ਜਲ ਪੱਥਰ ਬਣਾ ਗਿਆ

ਸਵੇਰੇ ਮੰਦਰ ਦੇ ਸੰਖਾਂ ਦੀਆਂ ਧੁੰਨਾਂ
ਤੇ ਬਾਣੀ ਦੇ ਬੋਲਾਂ ਦੇ ਕੰਠ ਦਬਾਅ ਗਿਆ

-0-

ਪਿੱਪਲਾਂ ਹੇਠ ਲਗਦੀਆਂ
ਮਹਿਫ਼ਲਾਂ ਸੰਗ ਛਾਵਾਂ ਖਾ ਗਿਆ
ਪਿੰਡ ਦੀ ਰੌਣਕ 'ਚ ਉਜਾੜਾਂ ਧਰ ਗਿਆ
ਪਿੰਡ ਦੀ ਆਬੋਹਵਾ ਨੂੰ
ਬਣਵਾਸੀ ਕਰ ਗਿਆ
ਪਿੰਡ ਦੀ ਹਰਿਆਵਲ ਦੇ ਨੈਣੀ
ਅੰਗਿਆਰ ਧਰ ਗਿਆ
ਪਿੰਡ ਦੀ ਹਰੀ ਕਚੂਰ ਹਿੱਕ ਤੇ
ਪੱਥਰਾਂ ਦਾ ਜੰਗਲ ਉੱਗਾ ਗਿਆ
ਮੇਰੀ ਰੋਜ਼ੀ ਰੋਟੀ
ਤੇ ਮੇਰੇ ਜਿਉਣ ਦਾ ਜ਼ਰੀਹਾ
ਸ਼ਹਿਰ
ਮੇਰਾ ਅੰਨਦਾਤਾ ਪਿੰਡ ਖਾ ਗਿਆ
ਮੇਰੀ ਨਿਗਰਾਨੀ 'ਚ
ਮੇਰੇ ਜਾਗਦੇ ਹੀ ਜਾਗਦੇ
ਸ਼ਹਿਰ ਪਤਾ ਨਹੀਂ
ਕਿੰਜ ਪਿੰਡ 'ਚ ਸਮਾ ਗਿਆ

-0-

ਹਨੇਰੀ ਰਾਤ 'ਚ
ਚੌਕੀਦਾਰ ਇਕ ਹੱਡੀ ਨਾਲ ਟਕਰਾਇਆ
ਤੇ ਹੱਡੀ ਤੇ ਡਿੱਗ ਪਿਆ
ਹੱਡੀ ਚੋਂ ਅਵਾਜ਼ ਆਈ
ਜਿਸ ਪਿੰਡ ਦਾ ਤੂੰ ਚੌਕੀਦਾਰ ਹੈਂ
ਉਸ ਪਿੰਡ ਦਾ ਵਜੂਦ
ਉਸ ਪਿੰਡ ਦੇ ਅੰਦਰ ਤੋਂ ਉਤਾਰ

ਪਿੰਡ ਦੇ ਅੰਦਰ ਦਾ ਸੱਚ ਪਹਿਚਾਣ
ਆਪਣੇ ਆਪ 'ਚ ਉੱਤਰ ਤੇ ਜਾਣ
ਪਿੰਡ ਨੂੰ ਸੰਨ੍ਹ ਸ਼ਹਿਰ ਨੇ ਬਾਹਰੋਂ ਲਾਈ ਹੈ
ਜਾਂ ਸੰਨ੍ਹ ਦੀ ਸੂਹ ਪਿੰਡ ਦੇ ਅੰਦਰੋਂ ਆਈ ਹੈ
-0-
ਚੌਂਕੀਦਾਰ ਆਪਣੇ ਅੰਦਰ ਉੱਤਰਿਆ
ਤੇ ਫਿਰ ਨਹੀਂ ਪਰਤਿਆ
ਆਪਣੀ ਨਜ਼ਰ ਦੇ ਸੱਚ ਅੱਗੇ ਹਾਰ ਗਿਆ
ਆਪਣੇ ਸਵਾਸ ਤਿਆਗ ਗਿਆ
ਪਰ ਅਜੇ ਵੀ ਅੱਧੀ ਰਾਤ ਨੂੰ
ਉਸ ਦੀ ਅਵਾਜ਼
ਸ਼ਹਿਰ ਦੀ ਹਰ ਜੂਹ 'ਚ ਗੂੰਜਦੀ ਹੈ
ਆਪਣਾ ਅੰਦਰ ਹੀ ਆਪਣਾ ਚੋਰ ਹੈ
ਚੋਰ ਕਿਤੇ ਹੋਰ ਹੈ
ਪਹਿਰੇ ਦੀ ਅੰਦਰ ਲੋੜ ਹੈ
ਪਹਿਰੇ ਦੀ ਅੰਦਰ ਲੋੜ ਹੈ
0 0 0

## ਕੱਲਰੀ ਛੱਪੜੀ

ਤੂੰ ਤਾਂ ਮੇਰੇ 'ਚ ਮੌਜੂਦ ਸੈਂ
ਮੈਂ ਤੇਰੀ ਤਲਾਸ਼ 'ਚ ਭਟਕਦਾ ਰਿਹਾ
ਕਦੀ ਫੁੱਲਾਂ 'ਚ ਲੱਭਦਾ ਰਿਹਾ
ਕਦੀ ਸ਼ਬਨਮ ਦਾ ਪਿੰਡਾ ਝਟਕਦਾ ਰਿਹਾ
ਕਦੀ ਅੰਬਰਾਂ 'ਚ ਭੌਂਦਾ ਰਿਹਾ
ਕਦੀ ਪੌਣਾਂ 'ਚ ਲਟਕਦਾ ਰਿਹਾ

-0-

ਕਦੀ ਗ਼ਾਹੁੰਦਾ ਰਿਹਾ ਸਾਹਿਰਾ
ਕਦੀ ਸਾਗਰ ਤਰਦਾ ਰਿਹਾ
ਕਦੀ ਖ਼ੁਸ਼ਬੂਆਂ 'ਚ ਉਤਰਿਆ
ਕਦੀ ਤਿੱਤਲੀਆਂ ਦੇ ਰੰਗ ਫੜਦਾ ਰਿਹਾ
ਕਦੀ ਦਿਸ਼ਾਵਾਂ ਦੇ ਕੱਦ ਮਿਣਦਾ ਰਿਹਾ
ਕਦੀ ਰਾਹਾਂ ਦਾ ਸਫ਼ਰ ਹੁੰਦਾ ਰਿਹਾ
ਛੱਡ ਕੇ ਗੁਲਜ਼ਾਰ ਜ਼ਿੰਦਗੀ ਦੀ
ਕਬਰਾਂ ਦੀ ਮਿੱਟੀ ਦੀਆਂ ਮੁੱਠਾਂ ਭਰਦਾ ਰਿਹਾ

-0-

ਇਕ ਕੱਲਰੀ ਛੱਪੜੀ
ਦੇ ਕਿਨਾਰੇ ਤੇ ਮੈਂ ਆ ਬੈਠਾ
ਖੜ੍ਹੇ ਪਾਣੀ ਨੂੰ ਜਦ ਮੈਂ ਛੇੜਿਆ
ਮੈਨੂੰ ਮੇਰੇ ਚਿਹਰੇ ਦੇ
ਤਿੜਕੇ ਬਿਖ਼ਰੇ ਤੇ ਗੁਆਚੇ
ਨਕਸ਼ ਨਜ਼ਰ ਆਏ
ਤ੍ਰੇੜਾਂ ਭਰ ਗਈਆਂ ਵਿੱਥਾਂ ਮਿਟ ਗਈਆਂ
ਮੇਰਾ ਸਬੂਤਾ ਚਿਹਰਾ
ਛੱਪੜੀ ਦੇ ਦਰਪਣ ਤੇ ਤੈਰਿਆ
ਮੈਂ ਜਿਸਦੀ ਭਾਲ 'ਚ ਸਾਂ

ਮੇਰਿਆਂ ਨੈਣਾਂ 'ਚ ਠਹਰਿਆ
ਮੇਰੇ ਜਿਸਮ 'ਚ ਟੁਰਿਆ
ਮੇਰੇ ਲਹੂ 'ਚ ਲਹਿਰਾਇਆ
ਮੇਰੇ ਦਿਲ ਤੇ ਛਾਇਆ
ਮੇਰੇ ਦਿਸਹੱਦਿਆਂ 'ਚ ਸਮਾਇਆ

-0-

ਮੈਨੂੰ ਹੁਣ
ਆਪਣੇ ਚਿਹਰੇ ਦੀ ਪਹਿਚਾਣ ਹੋ ਗਈ
ਆਪਣੇ ਆਪ 'ਚ ਪਰਤਣ ਦੀ ਮੁਸ਼ਕਲ
ਅਸਾਨ ਹੋ ਗਈ
ਹੁਣ ਮੈਂ
ਘਰ 'ਚ ਗੁਆਚਾ ਵੀ
ਘਰ 'ਚ ਮੌਜੂਦ ਸਾਂ
ਆਪਣੀ ਸਰਬਵਿਆਪਕਤਾ ਦਾ ਬੀਜ ਸਾਂ
ਬੀਜ 'ਚ ਰੁੱਖ ਦਾ ਵਜੂਦ ਸਾਂ

-0-

ਮੇਰੀ ਭਾਲ 'ਚ
ਮੇਰੀ ਦ੍ਰਿਸ਼ਟੀ ਗੋਚਰ ਸਮੱਗਰੀ
ਹੀ ਨਜ਼ਰ ਆਈ
ਉਸ ਦਾ ਰੰਗ ਰੂਪ ਨਕਸ਼ ਅੰਗ
ਤੇ ਸ਼ਕਲ ਸੂਰਤ
ਮੇਰੀ ਦ੍ਰਿਸ਼ਟੀ 'ਚ ਸਮਾਈ
ਮੇਰੇ
ਚਿਹਰੇ ਦੇ ਦਰਪਣ ਚੋਂ
ਵਸਤੂ ਸੰਸਾਰ ਦੀ ਸਮੱਗਰੀ
ਆਪਣਾ ਸੱਚ ਪਾ ਗਈ
ਮੇਰੇ ਚਿਹਰੇ ਲਈ ਅਵਾਰਗੀ
ਤੇ ਅਜਨਬੀਪਣ ਦੇ ਜੰਗਲ ਉੱਗਾ ਗਈ
ਮੇਰੀ ਭਟਕਣਾ ਨੂੰ ਪੈਰ ਤੇ ਰਫ਼ਤਾਰ ਲਾ ਗਈ

ਕੱਲਰੀ ਛੱਪੜੀ ਨੇ
ਆਪਣੀ ਸਮੱਗਰੀ ਤੋਂ ਪਹਿਲਾਂ
ਆਪਣਾ ਦਰਪਣ
ਮੇਰੇ ਚਿਹਰੇ ਸਾਵੇਂ ਡਾਹ ਦਿੱਤਾ
ਮੇਰੀ ਭਟਕਣ ਮਿਟਾ ਦਿੱਤੀ
ਮੇਰਾ ਸੱਚ ਵਿਖਾ ਦਿੱਤਾ
ਮੈਂ ਆਪਣੇ ਆਪ ਨੂੰ ਪਹਿਚਾਣਿਆ
ਚਿਹਰਿਆਂ ਦੇ ਸਾਗਰ ਚੋਂ
ਆਪਣਾ ਚਿਹਰਾ ਸਿਆਣਿਆ
ਹੁਣ ਮੈਂ ਆਪਣੇ ਤਿੜਕੇ
ਤੇ ਗੁਆਚੇ ਅੰਗਾਂ ਨੂੰ ਜੋੜ ਸਕਦਾ ਹਾਂ
ਆਪਣੇ ਆਪ ਨੂੰ
ਸਾਲਮ ਸਬੂਤਾ ਚਿਹਰਾ ਮੋੜ ਸਕਦਾ ਹਾਂ
0 0 0

## ਤਲਾਸ਼

ਤੇਰੀ ਛਾਂ ਹੇਠਾਂ
ਮੰਜ਼ਿਲਾਂ ਦੀ ਅਗੋਸ਼ ਹੈ
ਤੇਰੀ ਤਲਾਸ਼ 'ਚ ਮੰਜ਼ਿਲਾਂ ਚੁੱਪ ਨੇ
ਰਾਹਾਂ ਖਾਮੋਸ਼ ਨੇ

-0-

ਮੇਰੇ 'ਚ ਵਸਦੀਆਂ ਬਹਾਰਾਂ 'ਚ
ਗਸ਼ੀਆਂ ਨੇ
ਮੇਰੇ 'ਚ ਤੁਰਦੇ ਮੌਸਮ ਬੇਹੋਸ਼ ਨੇ
ਨਾ ਸਿਰ ਤੇ ਹੈ ਛਾਂ ਬੱਦਲ ਦੀ
ਨਾ ਦੁਆਲੇ ਰੁੱਖਾਂ ਦੀ ਅਗੋਸ਼ ਹੈ
ਨੰਗੇ ਪੈਰ ਨੰਗਾ ਸਿਰ ਹੈ ਮੇਰਾ
ਕਿੰਨ੍ਹੀ ਦੂਰ ਮੇਰੇ ਤੋਂ ਸੱਜਣਾ ਘਰ ਹੈ ਤੇਰਾ

-0-

ਮੈਂ ਜੀਂਦੇ ਜੀਅ
ਤੇਰੇ ਦਰ ਤੱਕ ਅੱਪੜਾਂਗਾ ਵੀ ਕਿ ਨਹੀਂ
ਮੈਂ ਤੇਰੀ ਦੀਦ ਦੇ ਦੀਵੇ ਦਿਲ 'ਚ ਬਾਲੇ ਨੇ
ਮੈਂ ਅੱਖਾਂ ਨਾਲ
ਇਹ ਦੀਵੇ ਬੁਝਾਵਾਂਗਾ ਵੀ ਕਿ ਨਹੀਂ
ਕਦੇ ਤੇਰੀ ਰਹਿਮਤ ਤੇ ਨਿਹਮਤ ਦੀ
ਮੇਰੇ ਸੂਰਜੀ ਗੋਲ ਪਿੰਡੇ ਤੇ ਬਰਸਾਤ ਹੋਵੇਗੀ
ਮੇਰਾ ਕਦੋਂ ਦਿਨ ਚੜ੍ਹੇਗਾ
ਮੇਰੀ ਰਾਤ ਦੀ ਕਦੋਂ ਪ੍ਰਭਾਤ ਹੋਵੇਗੀ

-0-

ਤੇਰੀ ਇਕ ਝਲਕ ਤੇ
ਮੇਰੀ ਕਬਰ ਚੋਂ ਜ਼ਿੰਦਗੀ ਦਾ ਅਗਾਜ਼ ਹੋਵੇਗਾ
ਮੇਰੇ ਸ਼ਮਸ਼ਾਨ ਦੇ ਚਿਹਰੇ ਤੇ ਖਿੱੜਿਆ ਗੁਲਾਬ ਹੋਵੇਗਾ
ਮੇਰੀ ਦੇਹ ਚੋਂ
ਜੀਵਨ ਕਿਰਨਾਂ ਦਾ ਸੰਚਾਰ ਹੋਵੇਗਾ

ਮੇਰੇ ਮੁਰਦੇ ਚੋਂ ਤੇਰਾ ਬੋਲ ਗੂੰਜੇਗਾ
ਚੁੱਪ ਇਕੱਲਤਾ ਤੇ ਉਦਾਸੀਆਂ
ਕਬਰ ਦੀ ਦੇਹ ਚੋਂ ਹੂੰਝੇਗਾ
ਜੀਵਨ ਦੀ ਨਦੀ ਫੁੱਟੇਗੀ
ਤੇਰੇ ਨੂਰ ਦਾ ਚਾਨਣ ਖਿਲਾਰੇਗੀ
ਬਹਾਰਾਂ ਰੌਣਕਾਂ ਖੁਸ਼ਬੂਆਂ ਮੌਸਮ ਤੇ ਰੁੱਤਾਂ
ਧਰਤ ਦੇ ਵਿਹੜੇ 'ਚ ਉਤਾਰੇਗੀ

-0-

ਅੰਬਰ ਝੁਕੇਗਾ ਤੈਨੂੰ ਸਜਦਾ ਕਰੇਗਾ
ਚੰਨਾਂ ਸੂਰਜਾਂ ਤਾਰਿਆਂ ਦੀ ਸਮਗਰੀ
ਤੇਰੇ ਚਰਨੀ ਧਰੇਗਾ
ਨੂਰ ਚਾਨਣ ਦਾ ਵ੍ਰ੍ਹੇਗਾ
ਰਾਗ ਰੰਗ ਜੀਵ ਜੰਤੂ ਸਭ ਤੇਰਾ
ਸਿਮਰਨ ਗਾਵਣਗੇ
ਤੇਰੀ ਆਰਤੀ ਉਤਾਰਣਗੇ
ਤੈਨੂੰ ਧਿਆਵਣਗੇ

-0-

ਜੇ ਮੈਂ
ਜੀਂਦੇ ਜੀਅ ਤੇਰਾ ਦੀਦਾਰ ਪਾਵਾਂਗਾ
ਜਨਮ ਮਰਨ ਦੇ ਚੱਕਰ ਤੋਂ ਮੁਕਤ ਹੋ ਜਾਵਾਂਗਾ
ਤੇਰੇ 'ਚ ਘੁਲਾਂਗਾ ਤੇਰੇ 'ਚ ਸਮਾਵਾਂਗਾ
ਮੈਂ ਆਪੇ ਯ਼ਾਰ ਤੇ
ਯਾਰ ਦਾ ਦੀਦਾਰ ਹੋ ਜਾਵਾਂਗਾ

0 0 0

# ਇਸ਼ਕ

ਜੋ ਬਲਾਂਵਾਂ
ਇਸ਼ਕ ਦੀਆਂ ਸੁਣੀਆਂ ਸਨ
ਇਸ਼ਕ ਚੋਂ ਗੁਜ਼ਰੇ ਤੇ ਵੇਖੀਆਂ
ਆਪਣੇ ਲਹੂ 'ਚ ਕਿੰਜ ਉਬਲੀਦੈ
ਆਪਣੇ ਆਪ ਨੂੰ ਕਿੰਜ ਤਰੀਦੈ
ਆਪਣਾ ਆਪ ਸੱਖਣਾ ਕਰਕੇ
ਦੁਆਰਾ ਕਿੰਜ ਭਰੀਦੈ
ਯਾਰ ਦੇ ਦੀਦਾਰ ਦਾ ਆਲਮ ਕੀ ਹੁੰਦੈ
ਮਨੁੱਖ ਅਧੂਰਾ ਕੀ ਹੁੰਦੈ
ਮਨੁੱਖ ਸਾਲਮ ਕੀ ਹੁੰਦੈ

-0-

ਸ਼ਮਾਂ ਤੇ ਸੜਣ ਤੋਂ ਪਹਿਲਾਂ
ਪ੍ਰਵਾਨੇ ਦੀ ਅੱਖ 'ਚ ਕੀ ਤਰਦਾ ਹੈ
ਨੀਹਾਂ 'ਚ ਕੌਣ ਮਰਦਾ ਹੈ
ਮਰਕੇ ਕੀ ਜਨਮਦਾ ਹੈ
ਫ਼ਾਸੀ ਦੇ ਤਖ਼ਤੇ 'ਤੇ
ਕੀ ਸ਼ਹੀਦੀ ਦਾ ਨਜ਼ਾਰਾ ਹੈ
ਇਕ ਸ਼ਬਨਮ ਦੇ ਕਤਰੇ 'ਚ
ਕਿੰਜ ਸਾਗਰ ਸਾਰਾ ਹੈ
ਡੁੱਬਕੇ ਝਨ੍ਹਾਂ 'ਚ
ਸੋਹਣੀ ਦਾ ਕਿਹੜਾ ਸੱਚ ਤਰਦਾ ਹੈ
ਬਹਿ ਕੇ ਤੱਤੀਆਂ ਤਵੀਆਂ ਤੇ
ਕੋਈ ਕੀ ਜਨਮਦਾ ਹੈ
ਵਾਰ ਕੇ ਸਰਬੰਸ ਆਪਣਾ ਸਾਰਾ
ਕੋਈ ਕਿਹੜੇ ਭਵਿੱਖ ਦੀ ਨੀਂਹ ਧਰਦਾ ਹੈ

-0-

ਪੌਣਾਂ ਦੀ ਗਤੀ ਦੇ ਇਸ਼ਕ 'ਚ ਕੀ ਹਾਸਲ ਹੈ
ਅੱਗ ਦੀ ਤ੍ਰਿਪਤੀ ਦੇ ਤੇਜ਼ ਦਾ ਕੀ ਸੱਚ ਹੈ

ਜਲ ਨੂੰ ਰਸ ਦੇ ਇਸ਼ਕ ਦਾ ਕੀ ਹਾਸਲ ਹੈ
ਗਗਨ ਦਾ ਸ਼ਬਦ ਸੰਗ ਮੋਹ ਕੀ ਹੈ
ਧਰਤ ਸੁਗੰਧ ਦੇ ਇਸ਼ਕ 'ਚ ਕੀ ਜਿਉਂਦੀ ਹੈ
ਪੰਛੀ ਤੇ ਬੋਟ ਦਾ ਹਿਰਖ ਕੀ ਹੈ
ਮੱਛਲੀ ਕਿਉਂ ਸਾਗਰ ਦੀ ਆਸ਼ਕ ਹੈ
ਭੌਰਾ ਕਲੀ ਦੀ ਬੁੱਕਲ 'ਚ
ਕਿਉਂ ਦਮ ਤੋੜਦਾ ਹੈ
ਹੁਸਨ ਭਰ ਭਰ ਪਿਆਲੇ ਰੂਪ ਦੇ
ਕਿਉਂ ਡੋਲ੍ਹਦਾ ਹੈ
ਸੁਕਰਾਤ ਕਿਉਂ ਜ਼ਹਿਰ ਪੀਂਦਾ ਹੈ
ਸਹਿਬਾਂ ਮਿਰਜ਼ੇ ਦੀ ਥਾਂ
ਮਾਂ ਜਾਇਆਂ ਦਾ ਮੋਹ ਕਿਉਂ ਹੰਢਾਉਂਦੀ ਹੈ
ਸੱਸੀ ਇਕ ਰਾਤ ਸੌਂ ਕੇ
ਕਿਹੜੇ ਇਸ਼ਕੇ ਉਮਰ ਹੰਢਾਉਂਦੀ ਹੈ

-0-

ਪਿਆਰ ਇਸ਼ਕ ਲਈ ਪਹਿਲਾਂ
ਆਪਣਾ ਆਪ ਸੱਖਣਾ ਕਰਦਾ ਹੈ
ਫਿਰ ਇਸ਼ਕ ਨੂੰ
ਆਪਣੇ
ਸੱਖਣੇਪਣ 'ਚ ਭਰਦਾ ਹੈ
ਆਪਣਾ ਪਿਆਰ ਤਰਦਾ ਹੈ
ਇਸ਼ਕ ਦੇ ਸਾਗਰ 'ਚ ਖੋਹ ਜਾਂਦਾ ਹੈ
ਪਿਆਰ ਇਸ਼ਕ ਦਾ ਰੂਪ ਹੋ ਜਾਂਦਾ ਹੈ
ਜਿਉਂ ਬੂੰਦ ਸਾਗਰ 'ਚ ਖੋਹ ਜਾਂਦੀ ਹੈ
ਆਪਣੇ ਸੁੱਖ ਦੀ ਸੁਭਾਗਨ ਹੋ ਜਾਂਦੀ ਹੈ

0 0 0

ਮੇਰਾ ਇਕ ਚਿਹਰਾ ਸ਼ਹੀਦ ਹੋਇਆ ਹੈ
ਜਿਸ ਨੇ ਸੁਤੰਤਰਤਾ ਦਾ ਬੀਜ ਬੋਇਆ ਹੈ
ਮਨੁੱਖ ਦਾ ਚਿਹਰਾ ਬਦਲਿਆ ਹੈ
ਮਨੁੱਖਤਾ ਦੀ ਨੁਹਾਰ ਬਦਲੀ ਹੈ
ਸਰਕਾਰ 'ਚ ਪਰਜਾ 'ਚ ਸਰਕਾਰ ਬਦਲੀ ਹੈ

-0-

ਮੇਰਾ ਇਕ ਚਿਹਰਾ
ਪਿਆਰ ਤੋਂ ਇਸ਼ਕ ਦੇ ਸਾਗਰ 'ਚ ਉਤਰਿਆ ਹੈ
ਨਵਾਂ ਮਨੁੱਖ ਨਵਾਂ ਸਮਾਜ
ਸਿਰਜਿਆ ਹੈ
ਮਨੁੱਖ ਦੀ ਅਜ਼ਾਦ ਹਸਤੀ ਦੇ ਫੁੱਲ ਉਗਾਏ ਹਨ
ਜਿਮੀਂ ਦੇ ਜ਼ੱਰੇ 'ਚ ਸੂਰਜ ਉਗਾਏ ਹਨ
ਦੁਨੀਆਂ ਨੂੰ ਚਾਨਣ ਨਾਲ ਭਰਿਆ ਹੈ
ਮੇਰਾ ਇਹ ਚਿਹਰਾ ਖਾਮੋਸ਼ੀਆਂ ਉਦਾਸੀਆਂ
ਇਕੱਲਤਾ ਤੇ ਗਮਾਂ ਦੇ ਸਾਗਰ ਤਰਿਆ ਹੈ

-0-

ਮੇਰਾ ਇਕ ਚਿਹਰਾ
ਤੱਤੀਆਂ ਤਵੀਆਂ ਤੇ ਬਹਿੰਦਾ ਹੈ
ਸੱਚ ਦਾ ਪੈਗਾਮ ਕੁਫ਼ਰ ਦੀ ਦੁਨੀਆਂ ਨੂੰ ਦਿੰਦਾ ਹੈ
ਮਨੁੱਖ ਤੇ ਮਨੁੱਖਤਾ 'ਚ
ਇਕ ਨੂਰ ਦਾ ਚਾਨਣ ਖਿਲਾਰਦਾ ਹੈ
ਮਨੁੱਖ ਚੋਂ ਮਨੁੱਖ ਦਾ ਸੱਚ ਉਸਾਰਦਾ ਹੈ
ਇਸ ਸੱਚ ਦਾ ਚਾਨਣ ਮਨੁੱਖਤਾ 'ਚ ਉਤਾਰਦਾ ਹੈ
ਨਸਲ ਰੰਗ ਜਾਤ ਪਾਤ ਤੋਂ ਰਹਿਤ
ਸੰਸਾਰ ਸਿਰਜਦਾ ਹੈ
ਆਪਣਾ ਲਹੂ ਉਬਾਲਦਾ ਹੈ
ਰੱਬੀ ਨੂਰ ਧਰਤੀ ਤੇ ਉਤਾਰਦਾ ਹੈ
ਮਨੁੱਖ ਨੂੰ ਮਨੁੱਖ ਦਾ ਸੱਚ ਸਮਝਾਉਂਦਾ ਹੈ
ਸੱਚ ਦੀ ਬਾਤ ਪਾਉਂਦਾ ਹੈ
ਆਪਣੇ ਨੂਰ ਦੇ ਵਿਚ ਉੱਤਰ ਜਾਂਦਾ ਹੈ

-0-

ਇਹ ਬਲਾਂਵਾਂ ਇਸ਼ਕ ਦੀਆਂ
ਮੈਂ ਆਪਣੇ ਪਿੰਡੇ ਤੇ ਹੰਢਾਈਆਂ ਹਨ
ਇਨ੍ਹਾਂ ਸਦਕਾ ਮੇਰੇ ਪਿੰਡੇ ਚੋਂ
ਨਦੀਆਂ ਚਾਨਣ ਦੀਆਂ ਫੁੱਟ ਆਈਆਂ ਹਨ
ਮੇਰੀ ਦੇਹ ਚੋਂ ਸੂਰਜ ਉਦੈ ਹੋਏ ਹਨ
ਚੰਨਾਂ ਤਾਰਿਆਂ ਦਾ ਨੂਰ ਸਿੱਮਿਆਂ ਹੈ
ਇਨ੍ਹਾਂ ਬਲਾਂਵਾਂ ਚੋਂ
ਮੈਨੂੰ ਮੇਰਾ ਸੱਚ ਨਜ਼ਰ ਆਇਆ ਹੈ
ਮੈਂ ਦੇਸ਼ ਦਾ ਸ਼ਹੀਦ ਹਾਂ
ਮਨੁੱਖਤਾ ਦਾ ਸ਼ਹੀਦ ਹਾਂ
ਪਿਆਰ ਦਾ ਮੁਦੱਈ ਹਾਂ
ਮੈਂ ਸਿਰਫ਼ ਸੱਚ ਜੀਵਿਆਂ ਹੰਢਾਇਆਂ ਤੇ
ਵਿਸਥਾਰਿਆ ਹੈ
ਮੈਂ ਸੱਚ ਦਾ ਜ਼ਰੀਹਾ ਹਾਂ
ਮੇਰੇ ਜ਼ਰੀਹੇ ਸੱਚ ਅੰਬਰ ਤੋਂ ਧਰਤੀ ਤੇ ਸਮਾਇਆ ਹੈ
ਮਾਨਵ ਤੇ ਮਨੁੱਖਤਾ ਚੋਂ ਨਜ਼ਰ ਆਇਆ ਹੈ
0 0 0

# ਉਡੀਕ ਇੱਕ

ਮੈਂ ਮਿੱਟੀ ਦੇ ਦੀਵੇ ਜਗਾਉਂਦਾ ਰਿਹਾ ਹਾਂ
ਮੈਂ ਸੂਰਜ ਬੰਨੇਰੀਂ ਬਿਠਾਉਂਦਾ ਰਿਹਾ ਹਾਂ
ਮੈਂ ਨਜ਼ਰਾਂ ਦੇ ਪੰਛੀਂ ਉੱਡਾਉਂਦਾ ਰਿਹਾ ਹਾਂ
ਮੈਂ ਥੱਕਿਆ ਨਹੀਂ ਅੰਬਰ ਨੂੰ ਵੀ ਛੂਹ ਕੇ
ਮੈਂ ਖੰਭਾਂ ਤੇ ਪਰਬਤ ਉਠਾਉਂਦਾ ਰਿਹਾ ਹਾਂ

-0-

ਮੈਂ ਡਿੱਗਦੀਆਂ ਕੰਧਾਂ ਲਈ ਚੌਹੁਦਾ ਰਿਹਾ ਹਾਂ
ਮੈਂ ਆਪਣੀ ਖਮੋਸ਼ੀ ਹੀ ਸਹਿੰਦਾ ਰਿਹਾ ਹਾਂ
ਚੌਂਕਾਂ 'ਚ ਪਾਟਾ ਰਾਹਾਂ ਦੇ ਵਾਂਗੂ
ਜ਼ਿੰਦਗੀ 'ਚ ਵਸਿਆ ਮੈਂ ਸਾਹਾਂ ਦੇ ਵਾਂਗੂੰ
ਖਾਬਾਂ 'ਚ ਬੁਣਿਆ ਗਿਆ ਕਈ ਵਾਰੀ
ਮੈਂ ਨੀਂਹਾਂ 'ਚ ਚਿਣਿਆਂ ਗਿਆ ਕਈ ਵਾਰੀ

-0-

ਮੈਂ ਬਲਦੀ ਸ਼ਮਾਂ ਤੇ ਸੜਦਾ ਰਿਹਾ ਹਾਂ
ਮੈਂ ਅੱਗ ਹੁਸਨ ਦੀ ਤਰਦਾ ਰਿਹਾ ਹਾਂ
ਮੈਂ ਹਨ੍ਹੇਰਿਆਂ ਤੋਂ ਡਰ ਕੇ ਬਲਦਾ ਰਿਹਾ ਹਾਂ
ਮੈਂ ਜੁੜਦਾ ਰਿਹਾ ਹਾਂ ਭੱਜਦਾ ਰਿਹਾ ਹਾਂ
ਮੈਂ ਸ਼ੀਸ਼ਾ ਪੱਥਰਾਂ 'ਚ ਵੱਜਦਾ ਰਿਹਾ ਹਾਂ

-0-

ਮੇਰੀ ਮਿੱਟੀ ਦੀ ਹਸਤੀ ਝੜੇ ਪੱਤਰਾਂ ਵਾਂਗੂੰ
ਮੈਂ ਗੁਰਬਤ 'ਚ ਬਲਿਆ ਹਾਂ ਚੁੱਲ੍ਹਿਆਂ ਵਾਂਗੂੰ
ਮੈਂ ਆਪਣੇ ਦੁਆਲੇ ਹੀ ਵਲਿਆਂ ਰਿਹਾ ਹਾਂ
ਮੈਂ ਕਬਰਾਂ ਦਾ ਸੱਚ ਹੋ ਕੇ ਝੂਠਾ ਪਿਆ ਹਾਂ
ਮੇਰੀ ਮੋਮ ਮੇਰੇ ਹੀ ਪੈਰਾਂ 'ਚ ਪਿੱਘਲੀ
ਮੇਰੀ ਨਜ਼ਰ ਹੀ ਮੇਰੇ ਨੈਣਾਂ ਚੋਂ ਤਿਲਕੀ
ਚਿਹਰੇ ਤੇ ਬੱਦਲ ਹੰਝੂਆਂ ਦਾ ਵਰ੍ਹਿਆ
ਬੂੰਦ ਦਾ ਕਤਰਾ ਸਾਂ ਸਾਗਰ 'ਚ ਰਲਿਆ

0 0 0

## ਉਡੀਕ ਦੋ

ਤੂੰ ਅੰਬਰ ਦੀਆਂ ਤਲੀਆਂ ਜਿਹਾ ਹੈਂ
ਤੂੰ ਵਰ੍ਹਦੀਆਂ ਧਰਤੀ ਤੇ ਕਣੀਆਂ ਜਿਹਾ ਹੈਂ
ਤੂੰ ਜਨਤ ਤੋਂ ਸੁੱਚੀਆਂ ਗਲੀਆਂ ਜਿਹਾ ਹੈਂ
ਤੂੰ ਧੁੱਪਾਂ ਤੋਂ ਗੋਰਾ ਕਲੀਆਂ ਜਿਹਾ ਹੈਂ
ਤੂੰ ਨੂਰਾਂ ਦਾ ਨੂਰ ਡਲੀਆਂ ਜਿਹਾ ਹੈਂ

-0-

ਤੂੰ ਪੀਰਾਂ ਫਕੀਰਾਂ ਤੇ ਵਲੀਆਂ ਜਿਹਾ ਹੈਂ
ਤੂੰ ਅੰਬਰੀ ਪੀਘਾਂ ਦੇ ਰੰਗਾਂ ਜਿਹਾ ਹੈਂ
ਤੂੰ ਜ਼ਮਜ਼ਮ ਜਮਨਾਂ ਤੇ ਗੰਗਾ ਜਿਹਾ ਹੈਂ
ਤੂੰ ਰੁੱਤਾਂ ਦੀ ਵੀਣੀ ਤੇ ਵੰਗਾਂ ਜਿਹਾ ਹੈਂ
ਤੂੰ ਪੌਣਾਂ 'ਚ ਰਲੀਆਂ ਖੁਸ਼ਬੂਆਂ ਜਿਹਾ ਹੈਂ
ਤੂੰ ਮੁਹੱਬਤ ਦੇ ਬੇਲੇ ਤੇ ਜੂਹਾਂ ਜਿਹਾ ਹੈਂ
ਤੂੰ ਆਪਣੇ ਹੀ ਚਿਹਰੇ ਦਾ ਮਹਿਬੂਬ ਹੈਂ
ਆਪਣੇ ਹੀ ਰੰਗਾਂ 'ਚ ਤੂੰ ਖੂਬ ਹੈਂ

-0-

ਮੈਂ ਰਾਹਾਂ ਚ' ਡੁੱਲ੍ਹ ਜਾਂ ਤੂੰ ਆਵੇਂ ਕਦੀ
ਮੈਂ ਆਪਾ ਹੀ ਭੁੱਲ ਜਾਂ ਤੂੰ ਆਵੇਂ ਕਦੀ
ਮੈਂ ਕੱਖਾਂ 'ਚ ਰੁਲ ਜਾਂ ਤੂੰ ਆਵੇਂ ਕਦੀ
ਮੈਂ ਕਬਰਾਂ 'ਚ ਤੁਰ ਜਾਂ ਤੂੰ ਆਵੇਂ ਕਦੀ

-0-

ਮੈਂ ਮਿੱਟੀ ਦੇ ਦੀਵੇ ਜਗਾਉਂਦਾ ਰਿਹਾ ਹਾਂ
ਮੈਂ ਸੂਰਜ ਬੰਨੇਰੀਂ ਬਿਠਾਉਂਦਾ ਰਿਹਾ ਹਾਂ
ਮੈਂ ਨਜ਼ਰਾਂ ਦੇ ਪੰਛੀ ਉੱਡਾਉਂਦਾ ਰਿਹਾ ਹਾਂ
ਮੈਂ ਥੱਕਿਆ ਨਹੀਂ ਅੰਬਰਾਂ ਨੂੰ ਵੀ ਛੂਹ ਕੇ
ਮੈਂ ਖੰਭਾਂ ਤੇ ਪਰਬਤ ਉਠਾਉਂਦਾ ਰਿਹਾਂ ਹਾਂ

0 0 0

## ਮਨੁੱਖ ਵਿਚਲਾ ਮਨੁੱਖ

ਮੈਂ ਰੁੱਖ ਆਪਣੇ ਆਪ ਦੀ ਛਾਂ ਹੇਠੋਂ ਉੱਠਾਂ
ਤਾਂ
ਆਪਣਾ ਆਪ ਜਾਣਾ
ਆਪਣੇ ਵਿਚਲਾ ਬ੍ਰਹੰਮ ਪਹਿਚਾਣਾ
ਆਪਣੀ ਸੀਮਾਂ ਵਿਚਲੀ ਰੇਖਾ ਨੂੰ ਮੇਟਾ
ਤੇ ਅਸੀਮ ਹੋ ਜਾਵਾਂ
ਰੇਖਾ ਦੀ ਸੇਧ 'ਚ ਵਿਚਰਨਾ ਛੱਡਾਂ
ਅਜ਼ੀਮ ਹੋ ਜਾਵਾਂ

-0-

ਮੈਂ ਬਿੰਦੂ ਚੋਂ ਦਾਇਰੇ ਨੂੰ ਸਿਰਜਾਂ
ਦੁਆਲੇ ਉਸਾਰੀਆਂ ਕੰਧਾਂ ਨੂੰ ਢਾ ਦੇਵਾਂ
ਖੁੱਲਾ ਵਿਹੜਾ ਬੇਕੰਧਾ ਘਰ ਖੁੱਲਾ ਦਰ ਹੋ ਜਾਵਾਂ
ਮੈਂ ਆਪਣੀ ਸੀਮਾਂ ਦੇ ਬਿੰਦੂ ਚੋਂ ਅਸੀਮਤਾ ਜਨਮਾਂ
ਆਪਣੇ ਬੀਜ ਚੋਂ
ਆਪਣਾ ਜੰਗਲ ਉੱਗਾਵਾਂ
ਆਪਣੇ ਦੁਆਲੇ ਬੁੱਕਲ ਪ੍ਰਕਿਰਤੀ ਦੀ ਮਾਰਾਂ

-0-

ਅੰਬਰਾਂ 'ਚ ਉੱਡ ਜਾਂ
ਅੰਬਰ ਆਪਣੇ 'ਚ ਉਤਾਰਾਂ
ਕਿਰਨਾਂ ਦੀ ਭੇਂਟ ਚੜ੍ਹ ਜਾਵਾਂ
ਜਾਂ ਕਿਰਨਾਂ ਚੋਂ ਸੂਰਜ ਉਸਾਰਾਂ
ਆਪਣੇ ਥਲ 'ਚ ਸੜਨ ਤੋਂ ਚੰਗਾ ਹੈ
ਉਦਾਰੀ ਬੱਦਲੀ ਨੈਣਾਂ 'ਚ ਪਾਅ ਲਵਾਂ
ਆਪਣੇ ਹੰਝੂਆਂ 'ਚ ਆਪਾ ਠਾਰ ਲਾਂ
ਆਪਣੀ ਪਿਆਸ 'ਚ ਸਾਗਰ ਉਤਾਰ ਲਾਂ
ਨਦੀਆਂ 'ਚ ਵਹਿ ਟੁਰਾਂ
ਜਾਂ ਬੱਦਲਾਂ ਨੂੰ ਸੀਨੇ 'ਚ ਉਤਾਰ ਲਾਂ

-0-

ਮੈਂ ਰੁੱਖ ਆਪਣੇ ਤੋਂ ਅਲੱਗ ਹੋ ਜਾਵਾਂ
ਆਪਣੀ ਜੜ੍ਹ ਨਾਲ ਜੁੜਾਂ
ਜੰਗਲ ਤਕ ਪਸਰ ਜਾਵਾਂ
ਮੈਂ ਆਪਣੀ ਦੇਹ 'ਚ ਸੂਰਜ ਚੰਨ ਤਾਰੇ
ਬ੍ਰਹਿਮੰਡ ਪਤਾਲਾਂ ਦੇ ਪਤਾਲ
ਆਪਣੇ ਲਹੂ 'ਚ ਢਾਲ ਲਾਂ
ਮੈਂ ਆਪਣੇ ਮਸਤਕ ਦਾ ਚਾਨਣ ਹੋ ਵਿਚਰਾਂ
ਆਪਣੀ ਦੇਹ 'ਚ ਵਗਦੀਆਂ ਨਦੀਆਂ
ਨਜ਼ਰ 'ਚ ਫੈਲੇ ਸ਼ਹਿਰਾਂ 'ਚ ਉਤਾਰ ਲਾਂ

-0-

ਮੈਂ ਰੁੱਖ
ਆਪਣੇ ਅੰਗਾਂ ਨਕਸ਼ਾਂ ਚਿਹਰੇ
ਤੇ ਰੰਗ ਤੋਂ ਵੱਖ ਹੋ ਜਾਵਾਂ
ਮੈਂ ਲਹੂ ਬਿਨ ਜੀਵਾਂ
ਮੈਂ ਦੇਹ ਬਿਨ ਜੀਵਾਂ ਮੈਂ ਪ੍ਰਾਣ ਹੋ ਜਾਵਾਂ
ਧਰਤੀ ਦੀ ਧਰਤੀ
ਅਸਮਾਨ ਦਾ ਅਸਮਾਨ ਹੋ ਜਾਵਾਂ
ਪੌਣਾਂ ਦੀ ਪੌਣ ਅੱਗਣ ਦੀ ਅੱਗਣ
ਜਲ ਦੀ ਜਲ ਹੋ ਜਾਵਾਂ
ਮੈਂ ਆਪਣੀ ਸੀਮਾ ਤੋਂ ਉਠਾਂ
ਅਸੀਮਤਾ ਦਾ ਚਾਨਣ ਤੇ ਬਲ ਹੋ ਜਾਵਾਂ
ਪ੍ਰਕਿਰਤੀ ਦੀ ਗਤੀ
ਬ੍ਰਹਿਮੰਡ ਜਿਹਾ ਅਥਾਹ ਹੋ ਜਾਵਾਂ
ਮੈਂ ਅੰਬਰ ਤੇ ਧਰਤੀ ਦਾ ਨੂਰ ਹੋ ਜਾਵਾਂ
ਆਪਣੇ ਵਜੂਦ ਦੇ ਮੋਹ ਤੋਂ ਇਨਾ ਦੂਰ ਹੋ ਜਾਵਾਂ

-0-

ਮੈਂ ਰੁੱਖ
ਵਿਅੱਕਤੀਗਤ ਤੋਂ ਸਮੂਹਕ ਹੋ ਜਾਵਾਂ
ਜੰਗਲ ਦੀ ਆਤਮਾ
ਮਾਨਵਤਾ ਦੀ ਰੂਹ ਹੋ ਜਾਵਾਂ

ਮੈਂ ਬੀਜ ਫੱਲਾਂ ਦਾ ਢੇਰ ਹੋ ਜਾਵਾਂ
ਸਦੀਆਂ ਦੇ ਸਾਲ ਸਾਲਾਂ ਦੇ ਮਹੀਨੇ ਦਿਨ
ਪਲਾਂ ਦਾ ਪਲ ਹੋ ਜਾਵਾਂ
ਮੈਂ ਅੰਬਰ 'ਚ ਭਰਿਆ ਜਲ ਹੋ ਜਾਂਵਾਂ
ਸ਼ਹਿਰਾਂ ਦਾ ਜ਼ੱਰਾ ਜ਼ੱਰਾ
ਧਰਤੀ ਦਾ ਕਣ ਕਣ ਹੋ ਜਾਵਾਂ

-0-

ਮੈਂ ਕੰਠ ਚੋਂ ਰਾਗ ਬਣ ਉੱਗਾਂ
ਰਾਗਨੀਆਂ ਦੇ ਪੈਰਾਂ ਦੀ ਛਣ ਛਣ ਹੋ ਜਾਵਾਂ
ਪੌਣਾਂ ਦਾ ਸੰਗੀਤ
ਮੰਦਰਾਂ ਦੀਆਂ ਟੱਲੀਆਂ ਦੀ ਧੁੰਨ ਹੋ ਜਾਵਾਂ
ਆਪਣੇ ਅੰਦਰ ਵਸਦੇ ਬੁੱਤ ਦੀ ਸਮਾਧੀ
ਜਾਂ ਸੁੰਨ ਹੋ ਜਾਵਾਂ
ਮੈਂ ਬੱਦਲਾਂ ਦੀ ਗਰਭ ਚੋਂ ਕਣੀਆਂ ਵਾਂਗ
ਵੱਸਾਂ
ਮੈਂ ਸੂਰਜ ਦੇ ਢਿੱਡ ਚੋਂ ਕਿਰਨਾਂ ਬਣ ਕੇ ਫੁੱਟਾਂ

-0-

ਮੈਂ ਅੰਬਰ ਦੇ ਤਾਰਿਆਂ ਦੀ ਹੋਂਦ ਪ੍ਰਗਟਾਵਾਂ
ਮਨੁੱਖਾਂ 'ਚ ਜੰਮਾਂ
ਬਿੰਦੂਆਂ ਦੇ ਬਿੰਦੂਆਂ ਦਾ ਦਾਇਰਾ ਬਣਾ
ਮੈਂ ਬੂੰਦ 'ਚ ਵਸਦਾ ਸਾਗਰ ਨਜ਼ਰ ਆਵਾਂ
ਮੈਂ ਸ਼ਹਿਰਾਂ ਦੀ ਹਿੱਕ ਤੇ ਬੱਦਲ ਬਣ ਕੇ ਉੱਗਾਂ
ਮੈਂ ਆਪਣਾ ਆਪ ਆਪਣੇ ਜਿਸਮ ਤੋਂ ਉਤਾਰਾਂ
ਤੇਰੇ ਤੱਕ ਅੱਪੜਾਂ ਤੇਰਾ ਰੂਪ ਹੋ ਜਾਵਾਂ।

-0-

ਮੈਂ ਰੁੱਖ ਆਪਣੇ ਆਪ ਨੂੰ ਸਿਰਜਾ
ਆਪਾ ਵਿਚਾਰਾਂ
ਜੰਗਲ ਦਾ ਪੱਤਾ ਪੱਤਾ ਹੋ ਜਾਵਾਂ
ਪਹਾੜਾਂ ਦੇ ਕਿਣਕੇ ਕਿਣਕੇ 'ਚ ਨਜ਼ਰ ਆਵਾਂ

ਜੰਗਲ ਦੀ ਜੜ੍ਹ ਮਸਤਕ ਚੋਂ ਉਗਾਵਾਂ
ਮੈਂ ਜ਼ੱਰੇ ਜ਼ੱਰੇ 'ਚ ਵਸਦਾ ਸਹਿਰਾ ਕਹਾਵਾਂ

-0-

ਜਨਮਾਂ ਦਿਸ਼ਾਵਾਂ ਆਪਣੀ ਦੇਹ ਚੋਂ
ਕਾਇਨਾਤ ਆਪਣੀਆਂ ਪਲਕਾਂ 'ਚ ਪਾਵਾਂ
ਮੈਂ ਆਪ੍ਣੇ ਆਪ 'ਚ ਬ੍ਰਹਿਮੰਡ ਸਮੇਟਾਂ
ਆਪਣਾ ਆਪ ਅੰਬਰ ਤੇ ਛਿੜਕਾਂ
ਤਾਰੇ ਬਣ ਉੱਗ ਜਾਵਾਂ
ਧਰਤੀ ਚੋਂ ਜਲ ਦੇ ਚਸ਼ਮੇ ਬਣ ਕੇ ਫੁੱਟਾਂ

-0-

ਟਿਕਾਲਾਂ ਚੰਨ ਸੂਰਜ ਅਕਾਸ਼ ਤਲੀਆਂ ਤੇ
ਕੰਠ 'ਚ ਧਰਤ ਤੇ ਸਾਗਰ ਉਤਾਰਾਂ
ਮੈਂ ਬਨਸਪਤੀ ਦਾ ਰੂਪ ਹੋ ਜਾਵਾਂ
ਮੌਸਮ ਬਹਾਰਾਂ ਰੁੱਤਾਂ ਤੇ ਖੁਸ਼ਬੂਆਂ
ਆਪਣੀ ਦੇਹ ਚੋਂ ਉੱਗਾਵਾਂ
ਭਰਿਆ ਅੰਬਰ ਪਾਣੀ ਦਾ ਡੋਲ੍ਹਕੇ
ਸਹਿਰਾ ਦੀ ਕੁੱਖ ਚੋਂ ਹਰਿਆਵਲ
ਬਣਕੇ ਉੱਗ ਆਵਾਂ

-0-

ਰੰਗਾਂ ਖੁਸ਼ਬੂਆਂ ਮੌਸਮਾਂ ਬਹਾਰਾਂ
ਤੇ ਪੱਤਝੜਾਂ ਦੀ ਦੁਨੀਆਂ
ਸ਼ਬਨਮ ਦੀ ਅੱਖ 'ਚ ਧਰ ਦੇਵਾਂ
ਮੈਂ ਅੰਬਰ ਤੇ ਜਗਦੇ ਫ਼ਾਨੂਸਾਂ ਦੀ ਛਾਂ ਕਰ ਦੇਵਾਂ
ਧਰਤੀ ਦਾ ਵਿਹੜਾ ਸੂਰਜਾਂ ਨਾਲ ਭਰ ਦੇਵਾਂ
ਚਾਨਣ ਬੀਜ ਦਿਆਂ ਬ੍ਰਹਿਮੰਡਾਂ ਦੇ ਅੰਦਰ ਤੇ ਬਾਹਰ
ਮੈਂ ਚਾਨਣ 'ਚ ਚਾਨਣ ਦਾ ਨੂਰ ਧਰ ਦੇਵਾਂ

-0-

ਮੈਂ ਰੁੱਖ ਭਟਕਣ ਤੇ ਤਕਸੀਮ ਤੋਂ
ਸਥਿਰਤਾ ਤੇ ਇਕਾਈ ਦਾ ਸਫ਼ਰ ਕਰਦਾ ਹਾਂ
ਆਪਣੀ ਹੋਂਦ ਦਾ ਸੱਚ ਫੜਦਾ ਹਾਂ

ਜਨਮ ਭਟਕਣ ਸਭ ਚਲਣਹਾਰ ਹਨ
ਨਾ ਅਮਰ ਹਨ ਨਾ ਸੱਚ ਹਨ
ਨਾ ਸੱਚ ਦਾ ਦੁਆਰ ਹਨ

–0–

ਮੇਰੀ ਜੜ੍ਹ ਸੁੱਕ ਜਾਣੀ ਹੈ
ਮੇਰੀ ਛਿੱਲੜ ਫੁੱਲ ਫ਼ਲ ਟਹਿਣੀਆਂ ਪੱਤੇ
ਸਭ ਮੁਰਝਾ ਜਾਣੇ ਹਨ
ਪਰ ਮਰਨ ਤੋਂ ਪਹਿਲਾਂ
ਮੇਰੇ ਫ਼ਲਾਂ 'ਚ ਨਵੇਂ ਬੀਜ ਆ ਜਾਣੇ ਹਨ
ਮੈਂ ਜੀਂਦੇ ਜੀਅ
ਫਿਰ ਆਪਣੇ ਆਪ ਚੋਂ ਜਨਮਦਾ ਹਾਂ
ਇਹ ਜਨਮਨਾ ਨਾ ਮਰਨਾ ਹੈ
ਨਾ ਭਟਕਣਾ ਹੈ
ਇਹ ਸੱਚ ਹੈ ਜੋ ਸਦਾ ਸੱਚ ਰਹਿੰਦਾ ਹੈ
ਸੱਚ ਹੈ ਸੱਚ ਦਾ ਦੁਆਰ ਨਹੀਂ
ਸੱਚ ਚਲਣਹਾਰ ਨਹੀਂ ਭਟਕਣਹਾਰ ਨਹੀਂ

–0–

ਮੈਂ ਰੁੱਖ ਆਪਣੇ ਮੂਲ ਤੇ ਤੱਤ ਸਦਕਾ ਜਿਊਂਦਾ ਹਾਂ
ਆਪਣੇ ਵਿਚਲੇ ਅਸਲ ਤੱਤ ਨੂੰ ਜਾਣਦਾ ਹਾਂ
ਉਸ ਦਾ ਰੂਪ ਪਹਿਚਾਣਦਾ ਹਾਂ
ਮੇਰਾ ਚਿਹਰਾ ਮੇਰੇ ਅੰਗ ਮੇਰੇ ਨਕਸ਼
ਮੇਰੇ ਸੱਚ ਦੇ ਪ੍ਰਤੀਕ ਨਹੀਂ
ਮੇਰੇ ਸੱਚ ਦੀ ਨੁਹਾਰ ਨਹੀਂ
ਮੇਰੇ ਸੱਚ ਦਾ ਅਧਾਰ ਨਹੀਂ
ਮੇਰਾ ਸੱਚ ਇਨ੍ਹਾਂ ਦੀ ਅਸਲ ਨੁਹਾਰ ਹੈ
ਇਨ੍ਹਾਂ ਦਾ ਅਧਾਰ ਹੈ
ਇਨ੍ਹਾਂ ਦੀ ਸ਼ਕਲ ਸੂਰਤ ਤੋਂ ਬਾਹਰ ਹੈ

–0–

ਉਹ ਮੇਰੇ ਲਹੂ 'ਚ ਵਗਦਾ ਹੈ ਲਹੂ ਨਹੀਂ
ਮੇਰੇ ਅਣੂਆਂ 'ਚ ਜਿਉਂਦਾ ਹੈ ਅਣੂ ਨਹੀਂ
ਮੇਰੀਆਂ ਅੰਤੜੀਆਂ ਦੀ ਪ੍ਰਕਿਰਿਆ ਹੈ

ਅੰਤੜੀਆਂ ਨਹੀਂ
ਮੇਰੀ ਚੇਤਨਾ ਸ਼ਕਤੀ ਹੈ ਚੇਤਨਾ ਨਹੀਂ
ਮੇਰੀ ਜਗਿਆਸਾ ਦਾ ਸਿਰਜਕ ਹੈ
ਜਗਿਆਸਾ ਨਹੀਂ
ਮੇਰੇ ਪ੍ਰਾਣਾਂ ਦਾ ਪ੍ਰਾਣ ਹੈ ਪ੍ਰਾਣ ਨਹੀਂ

-0-

ਮੇਰੀ ਜਗਿਆਸਾ
ਮੇਰੇ ਸੱਚ ਨੂੰ ਜਦ ਉਗਾੜਦੀ ਹੈ
ਮੇਰੀ ਦੇਹ 'ਚ ਸੱਚ ਦੀ ਖੁਸ਼ਬੂ ਖਿਲਾਰਦੀ ਹੈ
ਮੇਰੀ ਖੁਸ਼ਬੂ 'ਚ ਮੇਰੀਆਂ ਖੁਸ਼ੀਆਂ
ਮੇਰੇ ਮੌਸਮ ਮੇਰੀ ਬਹਾਰ ਹਸਦੀ ਹੈ
ਮੇਰੇ ਜਿਸਮ 'ਚ
ਫੁੱਲਾਂ ਫ਼ਲਾਂ ਟਹਿਣੀਆਂ ਪੱਤਿਆਂ ਦੀ
ਦੁਨੀਆਂ ਆ ਵਸਦੀ ਹੈ
ਮੈਂ ਆਪਣੀ ਸ਼ੋਭਾ ਜੀਂਦੇ ਜੀਅ
ਹੰਢਾਉਂਦਾ ਹਾਂ
ਆਪਣਾ ਆਪ ਧਿਆਉਂਦਾ ਹਾਂ
ਆਪਣਾ ਸੱਚ ਪਾਉਂਦਾ ਹਾਂ

-0-

ਮੈਂ ਆਪਣੀ ਖੁਸ਼ਬੂ ਲੈਂਦਾ ਹਾਂ
ਝੂਲਦਾ ਹਾਂ ਬੋਲਦਾ ਹਾਂ
ਮੈਂ ਭੇਦ-ਆਪਣੇ ਦਿਲ ਦਾ
ਆਪਣੇ ਸੱਚ ਨਾਲ ਖੋਲ੍ਹਦਾ ਹਾਂ
ਜਦ ਪੰਛੀਆਂ ਦੀਆਂ ਡਾਰਾਂ
ਮੇਰੀਆਂ ਟਹਿਣੀਆਂ ਤੇ ਬਹਿੰਦੀਆਂ ਹਨ
ਮੇਰੇ ਅੰਦਰੋਂ
ਹੁਲਾਸ ਤੇ ਤੂਫਾਨ ਉਠਦਾ ਹੈ
ਮੇਰਿਆਂ ਨੈਣਾਂ ਚੋਂ ਖੁਸ਼ੀਆਂ ਦੀ ਝਲਾਰ ਵਗਦੀ ਹੈ

-0-

ਸੈਂਕੜੇ ਸੂਰਜਾਂ ਦਾ ਮੇਰੇ ਪੱਤਿਆਂ 'ਚ ਵਸੇਬਾ ਹੈ
ਮੇਰੇ ਤਨ 'ਚ ਅੱਗਣ ਦਾ ਤੇਜ਼ ਹੈ
ਮੇਰੇ ਪਿੰਡੇ 'ਚ ਪੌਣਾਂ ਦਾ ਡੇਰਾ ਹੈ
ਮੇਰੀਆਂ ਅੱਖਾਂ 'ਚ ਅੰਬਰ ਦੀ ਉੱਚਾਈ ਹੈ
ਮੇਰਿਆਂ ਪੈਰਾਂ 'ਚ
ਮੇਰੇ ਸੱਚ ਨੇ ਹਰਿਆਵਲ ਦੀ ਚਾਦਰ ਵਿਛਾਈ ਹੈ
ਮੈਂ ਆਪਣੀ ਰੌਣਕ
ਆਪਣੇ ਨੈਣਾਂ 'ਚ ਪਾਈ ਹੈ
ਪਿੰਡੇ ਤੇ ਹੰਢਾਈ ਹੈ
ਮੈਂ ਆਪਣੇ ਸਾਹਾਂ 'ਚ
ਖ਼ੁਦਾ ਤੇ ਖ਼ੁਦਾਈ ਵਸਾਈ ਹੈ

0 0 0

## ਨੌਂ ਦਰਵਾਜ਼ੇ

ਮੇਰੀ ਦੇਹ ਤੇ ਸਾਇਆ
ਇਕ ਦੂਜੇ ਦੇ ਵਿਰੋਧੀ ਹਨ
ਪਰ ਦੋਹਾਂ ਦੀ ਛੱਤ ਇਕੋ ਹੈ ਧਰਤ ਇਕੋ ਹੈ
ਸਾਇਆ ਦੇਹ ਚੋਂ ਜਨਮਿਆ ਹੈ
ਦੇਹ ਤੇ ਸਾਏ ਦੇ ਵਿਰੋਧ ਚੋਂ
ਮਿੱਤਰਤਾ ਦਾ ਬੀਜ਼ ਪੁੰਗਰ ਆਇਆ ਹੈ

–0–

ਦੇਹ 'ਚ
ਦੇਹ ਦੇ ਨੌਂ ਦਰਵਾਜ਼ਿਆਂ ਚੋਂ ਮੇਰੇ ਸਾਏ ਸੰਗ
ਕਾਮ ਕ੍ਰੋਧ ਮੋਹ ਲੋਭ ਹੰਕਾਰ ਤੇ ਘ੍ਰਿਣਾ ਪ੍ਰਵੇਸ਼ ਗਏ ਹਨ
ਮੇਰੀਆਂ ਜੜ੍ਹਾਂ 'ਚ ਜਮ ਗਏ ਹਨ
ਲਹੂ 'ਚ ਘੁਲ ਗਏ ਹਨ
ਅੰਦਰਲੀ ਧਰਤੀ ਦੇ ਜ਼ੱਰੇ ਜ਼ੱਰੇ 'ਚ ਉੱਗ ਪਏ ਹਨ
ਇਨ੍ਹਾਂ ਦਾ ਪ੍ਰਭਾਵ ਤੇ ਅਸਰ
ਮੇਰੀ ਚੇਤਨਾ 'ਚ ਸਮਾਇਆ ਹੈ
ਇਨ੍ਹਾਂ ਦਾ ਇੱਕ ਇੱਕ ਅੰਗ ਤੇ ਨਕਸ਼
ਮੇਰੇ ਚਿਹਰੇ ਤੇ ਉੱਗ ਆਇਆ ਹੈ

–0–

ਮੇਰਾ ਸਾਇਆ ਹੀ
ਆਪਣੇ ਸੱਚ ਨੂੰ ਮੇਰੀ ਦੇਹ ਨੂੰ ਮੈਲਾ ਕਰ ਗਿਆ ਹੈ
ਮੇਰੀ ਦੇਹ ਦੇ ਸਵੱਰਗ 'ਚ ਨਰਕ ਧਰ ਗਿਆ ਹੈ
ਕੋਹੜ ਗੰਦਗੀ ਚੀਕ ਚਿਹਾੜਾ
ਨਫ਼ਰਤ ਵੈਰ ਵਿਰੋਧ ਤੇ ਕੰਗਾਲੀ ਬੀਜ ਗਿਆ ਹੈ
ਮੇਰੇ ਸਰੋਵਰ ਦੇ ਨਿਰਮਲ਼ ਪਾਣੀਆਂ 'ਚ
ਜ਼ਹਿਰ ਘੋਲ ਗਿਆ ਹੈ
ਸਿਵੇ ਬਾਲ ਗਿਆ ਹੈ ਸ਼ਮਸ਼ਾਨ ਉੱਗਾ ਗਿਆ ਹੈ
ਮੁਰਦਾ ਗੰਧ ਖਿਲਾਰ ਗਿਆ ਹੈ

–0–

ਮੇਰੀ ਪਵਿੱਤਰਤਾ ਸੱਚ ਸੁੰਦਰਤਾ ਤੇ ਕਲਿਆਣ
ਦੇ ਵਜੂਦ ਧੁੰਆਂਖੇ ਗਏ ਹਨ
ਤਿਆਗ ਨਿਮਰਤਾ ਸਾਂਝੀਵਾਲਤਾ
ਤੇ ਸਰਬੱਤ ਦੇ ਭਲੇ ਦੇ ਅੰਗ ਛਾਂਗੇ ਗਏ ਹਨ

-0-

ਦੇਹ ਦਾ ਸਾਇਆ ਜੋ ਸੱਚ ਦਾ ਪ੍ਰਮਾਣ ਸੀ
ਬਾਹਰਲੀ ਦੁਨੀਆਂ ਦੇ ਨਾਲ ਰਲ ਗਿਆ
ਮੇਰੀ ਚਾਂਦੀ ਦੀ ਧਰਤੀ
ਤੇ ਸੋਨੇ ਦਾ ਅੰਬਰ ਗੰਦਲਾ ਕਰ ਗਿਆ
ਮਨੁੱਖਤਾ ਦੇ ਕਤਲ ਦੀ ਸੋਚ
ਮਨੁੱਖ ਦੇ ਪੁਰਜਾ ਪੁਰਜਾ ਅੰਗ
ਲਹੂ ਸੰਗ ਲਿਬੜੀ ਰਣਭੂਮੀ ਦਾ ਬਦਨ
ਮੇਰੇ 'ਚ ਧਰ ਗਿਆ
ਮੇਰਾ ਆਪਣਾ ਹੀ ਸੱਚ
ਤਲਵਾਰ ਦੀ ਛਾਂ ਹੇਠ ਮਰ ਗਿਆ

-0-

ਕਾਮ ਝਰਨੇ ਵਾਂਗ ਕ੍ਰੋਧ ਅੱਗਣ ਵਾਂਗ ਫੈਲਿਆ ਹੈ
ਮੋਹ ਸਾਗਰ ਵਾਂਗ ਲੋਭ ਘਾਹ ਵਾਂਗ ਉੱਗ ਆਇਆ ਹੈ
ਹੰਕਾਰ ਬੱਦਲ ਵਾਂਗ ਛਾਇਆ ਹੈ
ਮੇਰਾ ਜਿਸਮ ਘ੍ਰਿਣਾ ਦਾ ਰੂਪ ਬਣ ਆਇਆ ਹੈ
ਮੈਂ ਕਾਮ 'ਚ ਗੁਆਚਾ ਕ੍ਰੋਧ 'ਚ ਘਿਰਿਆ
ਮੋਹ ਦੇ ਸਾਗਰ 'ਚ ਡੁੱਬਾ
ਲੋਭ ਦੇ ਰੂਪ 'ਚ ਉੱਗਾ
ਹੰਕਾਰ ਦੇ ਬੱਦਲਾਂ ਵਾਂਗ
ਆਪਣੇ ਆਪ 'ਤੇ ਆਪਣੇ ਦੁਆਲੇ ਵਰ੍ਹ ਰਿਹਾ ਹਾਂ

-0-

ਮੇਰੇ ਦੁਆਲੇ ਦੀ ਪ੍ਰਕਿਰਤੀ ਅੱਗ 'ਚ ਧੁੱਖਦੀ ਹੈ
ਮੇਰੇ ਚੋਂ ਮੌਤ ਜਨਮਦੀ ਹੈ ਪੌਣਾਂ 'ਚ ਵਗਦੀ ਹੈ
ਸਾਗਰ ਤੇ ਛਾਈ ਹੈ
ਅੰਬਰ ਤੋਂ ਜਿਮੀਂ 'ਤੇ ਉੱਤਰ ਆਈ ਹੈ
ਦਰਿਆ ਸਹਿਰਾ ਹਨ ਸਾਗਰ ਸੁੱਕੇ ਹਨ

ਇਹ ਉਹ ਜ਼ਹਿਰ ਹੈ
ਜੋ ਮੇਰੇ ਦੁਆਲੇ ਉੱਗਾ ਹੈ
ਮੇਰੇ 'ਚ ਸਮਾਇਆ ਹੈ
ਮੇਰਾ ਵਿਸਥਾਰ ਹੋ ਗਿਆ ਹੈ
ਮੇਰੀਆਂ ਨਜ਼ਰਾਂ ਦੇ ਦਿਸਹੱਦੇ ਤੋਂ ਪਾਰ ਹੋ ਗਿਆ ਹੈ

-0-

ਪਸ਼ੂ ਬਿਰਤੀਆਂ ਮੇਰੇ ਚੋਂ ਉੱਗ ਆਈਆਂ ਹਨ
ਮੇਰੀ ਦੇਹ 'ਚ ਫੈਲੀਆਂ ਹਨ ਸਾਹਾਂ 'ਚ ਸਮਾਈਆਂ ਹਨ
ਮੇਰੇ ਲਹੂ 'ਚ ਤੁਰੀਆਂ ਹਨ
ਸਭਿਅਕ ਤੋਂ ਵੈਸ਼ੀਪਣ ਵੱਲ ਮੁੜੀਆਂ ਹਨ
ਮੇਰੀ ਬੁੱਧੀ ਚੋਂ ਮਾਨਵਤਾ ਮਰ ਗਈ ਹੈ
ਇਸ ਦੇ ਮੱਥੇ ਤੇ ਸਿੰਗ
ਤੇ ਪਿੱਠ ਤੇ ਪੂੱਛਲ ਉੱਗ ਆਈ ਹੈ

-0-

ਮੈਂ ਜੋ ਬੀਜਿਆ ਸੀ ਪਾਇਆ ਹੈ
ਆਪਣੀ ਜ਼ਿੰਗਦੀ 'ਚ ਸ਼ਮਸ਼ਾਨ ਉੱਗਾਇਆ ਹੈ
ਜ਼ਮੀਰ ਸ਼ੀਸ਼ੇ 'ਚ ਚਿੜੇ ਵਾਂਗ
ਬੁੱਧੀ ਨਾਲ ਲੜਦੀ ਹੈ
ਲਹੂ ਲੋਹਾਨ ਹੋਈ ਆਪਣੀ ਹੀ ਅੱਖ ਚੋਂ
ਵਗਦੀ ਹੈ
ਰਾਗ ਸੁਰ ਸ਼ਬਦ ਸੰਕਲਪ ਭਾਲਦੀ
ਸ਼ੋਰ 'ਚ ਗੁਆਚ ਜਾਂਦੀ ਹੈ
ਜ਼ਮੀਰ ਆਪਣੀ ਮੁਰਦਾ ਬੁੱਧੀ ਦੀ ਕਬਰ 'ਚ
ਮੈਨੂੰ ਉਤਾਰ ਜਾਂਦੀ ਹੈ

-0-

ਮਨੁੱਖ ਤੇ ਮਨੁੱਖਤਾ ਵੱਲ ਵਧਦੇ ਕਦਮਾਂ ਵਿਚਾਲੇ
ਮੇਰੇ ਚੋਂ ਜਨਮਿਆ ਪਸ਼ੂਪਣ ਸਾਵੇਂ ਆ ਖਲੋਂਦਾ ਹੈ
ਜਿਸਨੇ ਸੂਰਜ ਢੱਕ ਲਿਆ ਹੈ
ਜ਼ਿੰਦਗੀ 'ਚ ਹਨ੍ਹੇਰਾ ਕਰ ਦਿੱਤਾ ਹੈ
ਜ਼ਿੰਦਗੀ ਪੱਥਰ ਬਣ ਗਈ ਹੈ ਗਤੀਹੀਣ ਹੋ ਗਈ ਹੈ

ਗੰਧਲਾ ਤਲਾਬ ਬਣਕੇ ਰਹਿ ਗਈ ਹੈ
ਬਦਬੂਆਂ ਦੀ ਜੂਨੇ ਪੈ ਗਈ ਹੈ
ਜ਼ਿੰਦਗੀ ਦੇ ਚਿਹਰੇ ਤੇ ਪੱਤਝੜਾਂ ਦਾ ਡੇਰਾ ਹੈ
ਮੌਸਮ ਬਹਾਰਾਂ ਰੁੱਤਾਂ ਦੀ ਦੇਹ 'ਚ
ਉਜਾੜਾਂ ਦਾ ਸਵੇਰਾ ਹੈ
ਅੰਬਰ ਕਾਲਾ ਹੈ ਸੂਰਜ ਹਨ੍ਹੇਰਾ ਹੈ

-0-

ਜ਼ਿੰਦਗੀ ਬੇਮਾਇਨੇ
ਰਾਹਾਂ ਤੇ ਦਿਸ਼ਾਵਾਂ 'ਚ ਉਲਝ ਗਈ ਹੈ
ਕਬਰਾਂ ਦੇ ਰਾਹੀਂ ਪੈ ਗਈ ਹੈ
ਮੌਤ ਦੀ ਚੁੱਪ ਹੋ ਗਈ ਹੈ
ਸ਼ਮਸ਼ਾਨ ਬਣਕੇ ਰਹਿ ਗਈ ਹੈ
ਜ਼ਿੰਦਗੀ ਦੀ ਸ਼ਾਮ ਢਲ ਗਈ ਹੈ
ਮਾਨਵ ਪਸ਼ੂ 'ਚ ਬਦਲ ਗਿਆ ਹੈ
ਸ਼ੀਸ਼ੇ ਦੀ ਦੁਨੀਆਂ 'ਚ ਜੰਗਲ ਉੱਗ ਪਿਆ ਹੈ
ਮਨੁੱਖ ਆਪਣੀ ਹੀ ਸਿਰਜੀ ਦੁਨੀਆਂ 'ਚ
ਗੁਆਚ ਗਿਆ ਹੈ
ਆਪਣੇ ਹੀ ਜਿਸਮ ਦਾ ਰਾਹ ਭੁੱਲ ਗਿਆ ਹੈ

-0-

ਬੁੱਧੀ ਦੀ ਕਬਰ 'ਚ ਜ਼ਮੀਰ ਦੀ ਲਾਸ਼ ਹੈ
ਦੇਹ ਕਾਇਆ ਕਲਪ ਲਈ
ਮੈਂ ਆਪਣਾ ਵਜੂਦ ਸਿਰਜਿਆ ਹੈ
ਆਪਣੀ ਦੇਹ ਦੇ ਸਾਏ ਚੋਂ
ਸਾਰੇ ਦਾ ਸਾਰਾ ਲਹੂ ਨਿਚੋੜਿਆ ਹੈ
ਤਾਮਸ ਪ੍ਰਵਿਰਤੀਆਂ ਨੂੰ ਦਫ਼ਨ ਕੀਤਾ ਹੈ
ਕਾਮ ਕ੍ਰੋਧ ਲੋਭ ਹੰਕਾਰ ਦੇ ਡਲਿਆਂ ਨੂੰ ਖੋਰਿਆ ਹੈ
ਸਾਏ ਦੇ ਜਿਸਮਾਂ 'ਚ
ਸੱਚ ਦੀ ਜੋਤ ਜਗਾਈ ਹੈ
ਬਾਹਰਲੀ ਦੁਨੀਆਂ ਦੀ ਕਾਲਖ
ਸਾਏ ਦੀ ਦੇਹ ਤੋਂ ਲਾਹੀ ਹੈ

ਦੇਹ ਦੇ ਸਾਏ ਨੂੰ
ਸੱਚ ਦੇ ਕੋਹਲੂ 'ਚ ਪੀੜ੍ਹਿਆ ਹੈ
ਰੱਸ ਨੂੰ ਸੁਕਾਇਆ ਹੈ
ਤੇ ਫ਼ੋਕ ਚੋਂ ਸਾਇਆ ਉਸਾਰਿਆ ਹੈ
ਸਾਏ ਦਾ ਸੱਚ ਸਾਏ ਦੀ ਦੇਹ 'ਚ ਧਰਿਆ ਹੈ
ਰੋਮ ਰੋਮ ਸਾਏ ਦਾ ਚਾਨਣ ਨਾਲ ਭਰਿਆ ਹੈ
ਸਾਇਆ ਜਾਗਿਆ ਤੇ ਦੇਹ ਦਾ ਸੱਚ ਹੋਇਆ ਹੈ
ਸਾਏ 'ਚ ਦੇਹ ਢਲ ਗਈ ਹੈ
ਸਾਇਆ ਦੇਹ ਦਾ ਹੋਇਆ ਹੈ

-0-

ਫਿਰ ਮੈਂ ਆਪਣਾ ਆਪਾ ਉਧੇੜਿਆ
ਸੀਤਾ ਧੋਇਆ ਤੇ ਨਿਚੋੜਿਆ
ਆਪਣੇ ਆਪ ਨੂੰ ਰੌਸ਼ਨੀ ਵੱਲ ਮੋੜਿਆ
ਮੂੰਹ ਫੇਰਿਆ ਤਾਮਸੀ ਪ੍ਰਵਿਰਤੀਆਂ ਤੋਂ
ਸੱਚ ਸੁੰਦਰਤਾ ਤੇ ਕਲਿਆਣ ਦਾ ਚਾਨਣ
ਅੰਦਰ ਉਤਾਰਿਆ ਦੁਆਲੇ ਉੜਿਆ
ਆਪਣੇ ਵਿਚਲਾ ਮਾਨਵ ਜਗਾਇਆ
ਦੇਹ ਤੇ ਚੇਤਨਾ ਚੋਂ ਪਸ਼ੂ ਬਿਰਤੀਆਂ
ਉਤਾਰੀਆਂ
ਬਿੱਖਰੀ ਜ਼ਿੰਦਗੀ ਸੁਆਰੀ
ਮੈਂ ਸਾਹਿਰਾ ਦੇ ਤਪਦੇ ਸੀਨੇ 'ਚ
ਸੀਤ ਜਲ ਦੀ ਨਦੀ ਉਤਾਰੀ

-0-

ਮੈਂ ਆਪਣੇ ਲਹੂ 'ਚ ਘੁਲਿਆ
ਪਸ਼ੂਪਣ ਪੂੰਨਿਆ
ਅੰਤੜੀਆਂ ਤੇ ਬੁੱਧੀ 'ਚ ਫੈਲੀਆਂ
ਜੰਗਲੀ ਪ੍ਰਵਿਤਰੀਆਂ ਸਮੇਟੀਆਂ
ਸੱਚ ਤੇ ਸੁੰਦਰਤਾ ਦੀ ਦੇਹ 'ਚ
ਆਪਣੀ ਚੇਤਨਾ ਨੂੰ ਲਪੇਟਿਆ
ਮੈਂ ਆਪਣਾ ਸਾਰਾ ਜਿਸਮ ਅੰਦਰੋਂ ਤੇ ਬਾਹਰੋਂ
ਮਾਂਜਿਆ
ਮੇਰਾ ਤੇ ਮੇਰੇ ਜਿਸਮ ਦਾ ਕਾਇਆ ਕਲਪ ਹੋਇਆ

-0-

ਕਾਇਆ ਕ਼ਲਪ ਪਿੱਛੋਂ
ਮੈਂ ਚੜ੍ਹਿਆ ਬਣਕੇ ਸੂਰਜ
ਜ਼ਿੰਦਗੀ ਦੀ ਪ੍ਰਭਾਤ ਨਿੱਘੀ ਕਰਨ ਲਈ
ਜ਼ਿੰਦਗੀ ਦੇ ਅੰਗ ਅੰਗ 'ਚ
ਕਿਰਨਾਂ ਧਰਨ ਲਈ
ਮਨੁੱਖ 'ਚ ਮਨੁੱਖਤਾ ਉਸਾਰਨ ਤੇ ਵਿਸਥਾਰਨ ਲਈ
ਆਪਣੇ 'ਚ ਵਗਦੇ
ਤਿਆਗ ਕਲਿਆਣ ਤੇ ਪਿਆਰ ਦੇ ਝਰਨੇ
ਜ਼ਿੰਦਗੀ ਦੇ ਸਾਗਰ 'ਚ ਉਤਾਰਨ ਲਈ

-0-

ਜ਼ਿੰਦਗੀ ਦੇ ਸਾਹਾਂ ਦੀ ਹੋਂਦ ਹੋ ਜੀਵਾਂ
ਜ਼ਿੰਦਗੀ ਦੇ ਵਿਹੜੇ ਚੋਂ
ਵੀਰਾਨੀਆਂ ਪੱਤਝੜਾਂ ਹੂੰਝਾ
ਜ਼ਿੰਦਗੀ 'ਚ ਮੌਸਮ ਬਹਾਰਾਂ ਰੁੱਤਾਂ
ਚੰਨ ਸੂਰਜ ਤਾਰੇ ਖਿਲਾਰਾਂ
ਜ਼ਿੰਦਗੀ ਹਰਿਆਵਲ ਨਾਲ ਭਰ ਜਾਵੇ
ਜ਼ਿੰਦਗੀ ਦੇ ਪੈਰੀਂ ਕੋਰੀ ਧਰਤ ਦੀ ਚਾਦਰ
ਵਿਛਾਵਾਂ
ਸਿਰ ਤੇ ਆਸਮਾਂ ਦਾ ਨੀਲਾ
ਸ਼ਾਹਮਿਆਨਾ ਸਜਾਵਾਂ

-0-

ਮੈਂ ਜ਼ਿੰਦਗੀ ਦੀ ਗਤੀ ਦੀ ਧੜਕਣ ਹੋ ਜਾਵਾਂ
ਮੈਂ ਪੱਥਰਾਂ ਚੋਂ ਵੀ ਪੁੰਗਰਾਂ ਰੁੱਖਾਂ ਚੋਂ ਵੀ ਪੁੰਗਰਾਂ
ਮੈਂ ਸਹਿਰਾ ਦੀ ਪਿਆਸ ਹੋ ਜਾਵਾਂ
ਇਕੋ ਡੀਕੇ ਸਾਗਰ ਤਲੇ ਤਕ ਪੀਵਾਂ
ਮੈਂ ਜ਼ਿੰਦਗੀ ਲਈ
ਮੰਜ਼ਿਲਾਂ ਬੀਜਾਂ ਤੇ ਰਾਹ ਸਿਰਜਾਂ
ਮੈਂ ਧਰਤੀ ਨੈਣਾਂ 'ਚ ਪਾਵਾਂ
ਅੰਬਰ ਗੋਦ ਖਿਡਾਵਾਂ

-0-

ਮੈਂ ਦਿਸ਼ਾਵਾਂ 'ਚ ਫੈਲਾਂ
ਬ੍ਰਹਿਮੰਡਾਂ 'ਚ ਪਸਰ ਜਾਵਾਂ
ਜ਼ਿੰਦਗੀ ਚੋਂ ਜ਼ਿੰਦਗੀ ਬਣਕੇ ਉੱਗਾਂ
ਆਪਣੇ ਆਪ ਚੋਂ ਉੱਠਾਂ
ਜ਼ਿੰਦਗੀ 'ਚ ਉਤਰ ਜਾਵਾਂ
ਜ਼ਿੰਦਗੀ ਦਾ ਵਿਸਥਾਰ ਹੋ ਜਾਵਾਂ ਤੇ ਮਰ ਜਾਵਾਂ
ਜ਼ਿੰਦਗੀ ਦੀ ਧੁੰਨੀ 'ਚ
ਆਪਣੀ ਖੁਸ਼ਬੂ ਧਰ ਜਾਵਾਂ
ਜ਼ਿੰਦਗੀ ਇਸ ਖੁਸ਼ਬੂ 'ਚ ਤਰਦੀ ਰਹੇ
ਖੁਸ਼ਬੂ 'ਚ ਗੁਆਚੀ ਰਹੇ
ਖੁਸ਼ਬੂ ਦੀ ਹੋਂਦ ਫੜਦੀ ਰਹੇ
ਖੁਸ਼ਬੂ ਨੂੰ ਜਨਦੀ ਰਹੇ।
0 0 0

## ਜੰਡ

ਵਕਤ ਸੀ
ਜਦ ਮੇਰਿਆਂ ਬੁੱਲ੍ਹਾਂ ਤੇ
ਤੇਰਿਆਂ ਚੁੰਮਣਾਂ ਦੀ ਬਰਸਾਤ ਸੀ
ਮੇਰਾ ਸੂਰਜ ਸਿਰ ਤੋਂ ਪੈਰਾਂ ਤਕ ਬਲਦਾ ਸੀ
ਤੇਰੇ ਪਿੰਡੇ ਪਿੱਘਲੀ ਅੱਗ ਦੀ ਨਦੀ ਵਗਦੀ ਸੀ

-0-

ਪੀਲੂ
ਬੜਾ ਹੀ ਝੂਠ ਕਹਿੰਦਾ ਹੈ
ਕਿ ਮਿਰਜ਼ਾ ਕਾਨੀਆਂ ਭੱਜਣ ਤੋਂ
ਬਾਅਦ ਮੋਇਆ ਹੈ
ਮਿਰਜ਼ੇ ਦਾ ਸੂਰਜ
ਤਾਂ
ਸਾਹਿਬਾਂ ਦੇ ਪਿੰਡੇ ਪਿੱਘਲੀ ਨਦੀ 'ਚ
ਚੜ੍ਹਣ ਤੋਂ ਪਹਿਲਾਂ ਹੀ ਠਰ ਗਿਆ ਸੀ

-0-

ਜੰਡ ਗੁਆਹ ਹੈ
ਜਿਸਦੀ ਹਜ਼ੂਰੀ 'ਚ
ਸਾਹਿਬਾਂ ਨੇ ਕਾਨੀਆਂ ਭੰਨੀਆਂ
ਵੀਰਾਂ ਦੀ ਕੰਡ ਥਾਪੀ
ਤੇ ਮਿਰਜ਼ੇ ਦੇ ਮੂੰਹ ਤੇ ਥੁੱਕਿਆ

-0-

ਮਿਰਜ਼ੇ ਦਾ ਸਫ਼ਰ ਧੁੱਪ ਤੋਂ ਛਾਂ ਤੱਕ ਦਾ ਸੀ
ਸਾਹਿਬਾਂ ਦਾ ਸਫ਼ਰ ਧੁੱਪ ਤੋਂ ਅੱਗ ਤੱਕ ਦਾ ਸੀ
ਜੰਡ ਦੀ ਛਾਂ
ਸਿਰਫ਼ ਮਿਰਜ਼ੇ ਦੀ ਪਿਆਸ ਸੀ
ਜੰਡ ਦੇ ਸਿਰ ਦੀ ਧੁੱਪ
ਸਾਹਿਬਾਂ ਨੇ ਆਪਣੇ ਪਿੰਡੇ ਤੇ ਕਈ ਵਾਰ ਸੇਕੀ ਸੀ

0 0 0

## ਸੁਫ਼ਨਾ ਤੇ ਯਾਦ

ਇਕ ਬਾਗ਼ ਬਗ਼ੀਚਾ ਰੰਗਲਾ ਹੈ
ਵਿਚ ਸੰਗਮਰਮਰ ਦਾ ਬੰਗਲਾ ਹੈ
ਵਿਚ ਚਰਖਾ ਕੱਤਦੀ ਨਾਰ ਕੋਈ
ਜਿਉਂ ਪਰੀਆਂ ਦੀ ਸਰਕਾਰ ਕੋਈ

-0-

ਨੈਣਾਂ ਚੋਂ ਝਰਦਾ ਨੂਰ ਜਿਹਾ
ਇਕ ਚੰਨ ਦਿਲ ਦੇ ਨੇੜੇ ਹੈ ਦੂਰ ਜਿਹਾ
ਬਾਰੀ ਚੋਂ ਤੱਕਦੀ ਦਾ
ਦਿਲ ਧੜਕੇ ਪੂਣੀਆਂ ਕੱਤਦੀ ਦਾ
ਲਹੂ ਜਗਿਆ ਭੱਖਦੇ ਚਿਹਰੇ ਤੇ
ਉਹਦੀ ਨਜ਼ਰ ਪਈ ਜਦ ਮੇਰੇ ਤੇ

-0-

ਉਹ ਦੌੜੀ ਕਰ ਕੇ ਅੰਗ ਕੱਠੇ
ਕੱਜਦੀ ਹਿੱਕ ਲੈ ਲੈ ਸਾਹ ਮੱਠੇ
ਉਨ੍ਹੇ ਨਜ਼ਰ ਉਠਾ ਕੇ ਤੱਕਿਆ ਫਿਰ
ਕੋਲੇ ਕਰ ਸੂਰਜ ਰੱਖਿਆ ਫਿਰ
ਮੁੱਠਾਂ ਵਿਚ ਭਰ ਭਰ ਅੰਗਾਂ ਨੂੰ
ਜੱਗ ਸ਼ਰਮ ਹਜਾ ਦੀਆਂ ਸੰਗਾਂ ਨੂੰ
ਉਹ ਪੈਰਾਂ ਹੇਠ ਲਿਤਾੜ ਗਈ
ਤੇ ਹੁਸਨ ਅਲਾਹੀ ਪਰੀਆਂ ਦਾ
ਸੀਨੇ ਧਰਤ ਉਤਾਰ ਗਈ

-0-

ਮੇਰੀ ਦੇਹ 'ਚ ਸੂਰਜ ਬੀਜ ਗਈ
ਮੇਰੇ ਨੈਣੀ ਧਰ ਬਹਾਰ ਗਈ
ਮੈਨੂੰ ਦਰ ਤਕ ਆਉਂਦੇ ਆਉਂਦੇ ਨੂੰ
ਉਹਦੀ ਰਹਿਮਤ ਕਰ ਗੁਲਜ਼ਾਰ ਗਈ
ਉਹਦੇ ਹੁਸਨ ਦਾ
ਇਕ ਇਕ ਜਲਵਾ
ਮੈਨੂੰ ਉਹਦੇ ਰੰਗ 'ਚ ਰੰਗ ਗਿਆ
ਮੇਰੀ ਰਗ ਰਗ ਦੇ ਵਿਚ ਵਸ ਗਿਆ
ਮੇਰੇ ਫ਼ੇਫ਼ੜਿਆਂ ਚੋਂ ਲੰਘ ਗਿਆ

0 0 0

# ਅਹਿਸਾਸ ਦੀ ਸੂਲੀ

ਅਹਿਸਾਸ
ਜਾਗਿਆ ਮੇਰੇ ਅੰਦਰ ਤੇ ਦੁਆਲੇ
ਆਪਣੇ ਹੀ ਹਾਦਸੇ ਦਾ
ਕਾਰਨ ਕਾਰਜ ਕਰਮ ਮੈਂ ਆਪ ਹਾਂ
ਹਾਦਸਾ ਚਿੱਟੇ ਦਿਨ ਜਿਹਾ
ਜਨ੍ਮ ਕੇ ਸੂਰਜ ਹੈ
ਜਿਸਨੂੰ ਛੁੱਪ ਗਿਆ

-0-

ਬਸ ਇਕ ਹਾਦਸਾ
ਅਹਿਸਾਸ ਦੀ ਸੂਲੀ ਤੇ ਹੈ ਲਟਕਦਾ
ਇਕ ਲਹੂ ਭਿੱਜਾ ਸੱਚ ਸੀ
ਜਿਸਮਾਂ ਦੇ ਸ਼ਹਿਰੀਂ ਭਟਕਦਾ
ਜਿਸਮਾਂ ਚੋਂ
ਆਪਣੀ ਪਹਿਚਾਣ ਭਾਲਦਾ
ਚਿਹਰਿਆਂ ਚੋਂ
ਆਪਣੀ ਭੁੱਖ ਸਿਆਣਦਾ

-0-

ਮੈਂ ਉਂਗਲੀ ਤੇ ਘੁੰਮ ਰਹੀ
ਦੁਨੀਆਂ ਤੇ ਨਜ਼ਰ ਗੱਡੀ
ਤਿੜਕੀ ਸੋਚ ਤੇ ਜੀਭਾ ਗਈ ਕੱਟੀ
ਨਾ ਮੈਂ ਜਿਸਮ ਵਿਚ ਸਾਂ
ਨਾ ਮੈਂ ਆਪਣੇ ਆਪ ਵਿਚ ਸਾਂ
ਮੈਂ ਹਾਦਸੇ ਦੀ ਹੋਂਦ ਸਾਂ
ਹਾਦਸੇ ਦੀ ਕੁੱਖ ਤੇ ਵਜੂਦ ਸਾਂ
ਮੈਂ ਲਹੂ ਮਾਸ 'ਚ ਢਲਿਆ ਬਰੂਦ ਸਾਂ
ਮੈਂ ਮਨੁੱਖਤਾ 'ਚ ਸ਼ਾਂਤ ਵਗਦੀ ਨਦੀ
ਦਾ ਖਰੂਦ ਸਾਂ

-0-

ਉਂਗਲੀ ਘੁੰਮ ਰਹੀ ਦੁਨੀਆਂ ਤੇ
ਛਿੱਟੇ ਲਹੂ ਦੇ
ਲੰਹੂ ਮਨੁੱਖਤਾ ਦਾ ਡੁੱਲ੍ਹਦਾ ਹੀ ਗਿਆ
ਪੁੱਟ ਸੁਟੇ ਰੁੱਖ ਜੰਗਲੀ ਜੜ੍ਹਾਂ ਤੋਂ
ਫੂਕਦਾ ਜੰਗਲ ਦੀ ਹਰਿਆਵਲ ਗਿਆ
ਪੰਛੀਆਂ ਦੇ ਪਰ ਸੜੇ
ਤੇ ਫੂਕ ਸੁਟੇ ਆਲ੍ਹਣੇ
ਬਾਂਜ ਧਰਤੀ ਹੋ ਗਈ ਫੱਟ ਗਿਆ ਅੰਬਰ ਦਾ ਸੀਨਾ
ਕਦਮ ਜਿਸ ਵੀ ਥਾਂ ਤੇ
ਇਹ ਆਦਮੀ ਧਰਦਾ ਗਿਆ
ਮੈਂ ਆਪਣੇ ਅਹਿਸਾਸ ਨਾਲ
ਜਦ ਦੂ-ਬ-ਦੂ ਹੋਇਆ
ਮੈਂ ਹਾਦਸਾ ਖੁਦੇ ਅਹਿਸਾਸ ਦੇ ਹੀ
ਰੂ-ਬ-ਰੂ ਹੋਇਆ

0 0 0

## ਮੈਂ ਤੋਂ ਤੂੰ ਦਾ ਵਿਸਥਾਰ

ਮੈਂ ਆਪਣਾ ਅੰਦਰ ਆਪਣੇ ਬਾਹਰ
ਤੇ ਆਪਣਾ ਬਾਹਰ ਅੰਦਰ ਵਸਾਇਆ ਹੈ
ਮੈਂ 'ਚ ਤੂੰ ਨੂੰ ਬਿਠਾਇਆ ਹੈ
ਆਪਣਾ ਅੰਦਰ
ਬਾਹਰ ਤਲੀਆਂ ਤੇ ਉਤਾਰਣ ਤੇ
ਮੇਰਾ ਵਜੂਦ ਨਾ ਘਟਿਆ ਨਾ ਵੱਧਿਆ ਹੈ
ਆਪਣਾ ਬਾਹਰ ਅੰਦਰ ਉਤਾਰਣ 'ਚ
ਮੇਰੀ ਦੇਹ ਦਾ ਅਕਾਰ ਅਸੀਮ ਹੋ ਗਿਆ
ਬਿੰਦੂ ਤੋਂ ਦਾਇਰਿਆਂ 'ਚ ਬਦਲ ਗਿਆ
ਬੂੰਦ ਤੋਂ ਸਾਗਰ ਰੇਤ ਤੋਂ ਸਹਿਰਾ ਹੋ ਗਿਆ

-0-

ਬਾਹਰਲੇ ਬ੍ਰਹਿਮੰਡ ਨੂੰ
ਆਪਣੀ ਦੇਹ ਦੇ ਅੰਸ਼ 'ਚ ਸੰਕਲਪਣਾ
ਤੇ ਵਿਸਥਾਰਨਾ
ਬ੍ਰੰਹਮ ਨੂੰ ਅਭਿਆਸਨਾ ਸੁਭਾਵਿਕਨਾ
ਅਰਾਧਨਾ ਤੇ ਸਮਝਣਾ ਸਰਲ ਹੈ ਆਸਾਨ ਹੈ
ਕਿਉਂਕਿ
ਦੇਹ ਵਿਚਲਾ ਅੰਸ਼
ਦੇਹ ਦੀਆਂ ਭੁਗੋਲਿਕ ਪਦਾਰਥ ਮਾਨਸਿਕ
ਪ੍ਰਵਿਰਤੀਆਂ ਤੇ ਸੱਥਿਤੀਆਂ ਦਾ
ਸੁਭਾਵਿਕ ਅਨੁਭਵੀ ਤੇ ਅਭਿਆਸੀ ਹੈ

-0-

ਮਨੁੱਖੀ ਅੰਸ਼ 'ਚ
ਅੰਦਰਲਾ ਬ੍ਰਹਿਮੰਡ ਵਿਚਰਦਾ ਹੈ
ਜ਼ੱਰਾ ਜ਼ੱਰਾ ਪੱਤਾ ਪੱਤਾ ਉਸ ਦੀ ਨਿਗਾਹ 'ਚ ਹੈ
ਅਕਾਸ਼ਾਂ ਦਾ ਸਫ਼ਰ ਉਸਦੇ ਮਸਤਕ 'ਚ ਹੈ
ਧਰਤੀ ਦਾ ਪੈਂਡਾ
ਉਸ ਦੇ ਪੈਰਾਂ 'ਚ ਹੈ
ਜੀਵਨ ਦਾ ਵਿਸਥਾਰ

ਅਕਾਸ਼ਾਂ ਬ੍ਰਹਿਮੰਡਾਂ ਤੇ ਖਲਾਆਂ ਦਾ ਜਿਸਮ
ਅੰਸ਼ ਦੀ ਨਾਭੀ 'ਚ ਹੈ
ਸਮਿਆਂ ਦੀ ਗਤੀ
ਸਾਗਰਾਂ ਦਰਿਆਵਾਂ ਪਹਾੜਾਂ
ਦਾ ਵਿਸਥਾਰ
ਅੰਸ਼ ਦੀ ਜੀਭਾ ਤੇ ਹੈ

-0-

ਬ੍ਰਹਮ ਦੀ ਪ੍ਰਕਿਰਤੀ ਤੇ ਸਿਰਜਣਾ
ਜਦ ਅੰਸ਼ 'ਚ ਉਤਰਦੀ ਹੈ
ਬ੍ਰਹਮ ਦਾ ਭੇਦ ਖੁੱਲ੍ਹਦਾ ਹੈ
ਉਹ ਕੁਦਰਤ ਚੋਂ ਬੋਲਦਾ ਹੈ
ਕੁਦਰਤ ਉਸ ਚੋਂ ਬੋਲ਼ਦੀ ਹੈ
ਬ੍ਰੰਹਮ ਦਾ ਵਜ਼ੂਦ
ਜਦ ਦੇਹ ਦੇ ਅੰਸ਼ 'ਚ ਢਲਦਾ ਹੈ
ਲੱਖਾਂ ਸੂਰਜਾਂ ਦਾ ਕਾਫ਼ਲਾ
ਦੇਹ ਦੀ ਦੇਹ 'ਚ ਉਤਰਦਾ ਹੈ
ਜੋਤਾਂ ਦੇਹ 'ਚ ਬ੍ਰੰਹਮ ਦਾ ਚਾਨਣ
ਖਿਲਾਰਦੀਆਂ ਹਨ
ਦੇਹ ਦੇ ਪ੍ਰਾਣ ਦੀਆਂ ਪੌਣਾਂ
ਬ੍ਰੰਹਮ ਦੀ ਆਰਤੀ ਉਤਾਰਦੀਆਂ ਹਨ

-0-

ਅੰਸ਼ ਦੀ ਦੇਹ 'ਚ ਉਤਰਿਆ ਬ੍ਰਹਿਮੰਡ
ਬ੍ਰੰਹਮ ਦੀ ਨਜ਼ਰ 'ਚ ਵਿਚਰਦਾ ਹੈ
ਆਪਣੀ ਸਿਰਜਣਾ ਨੂੰ ਤੱਕ
ਬ੍ਰੰਹਮ ਹੱਸਦਾ ਹੈ ਖਿੜਦਾ ਹੈ
ਤੇ ਦਸਦਾ ਹੈ
ਮਾਨਣ ਧਰਤੀ ਤੇ ਉਸ ਦਾ ਖਾਸ ਅੰਸ਼ ਹੈ
ਉਸ ਦਾ ਵਿਸਥਾਰ ਹੈ ਉਸ ਦਾ ਵੰਸ਼ ਹੈ
ਅੰਸ਼

ਜਦ ਬਾਹਰਲਾ ਬ੍ਰਹਿਮੰਡ
ਅੰਦਰ ਉਤਾਰਦਾ ਹੈ
ਕਾਦਰ ਦਾ ਰੂਪ ਧਾਰਦਾ ਹੈ
ਅੰਸ਼ ਦੇ ਵਜ਼ੂਦ 'ਚ
ਬ੍ਰੰਹਮ ਤੇ ਬ੍ਰਹਿਮੰਡ ਵਿਚਰਦਾ ਹੈ
ਕਾਦਰ ਦੀ ਜੋਤ ਜਗਦੀ ਹੈ
ਨੂਰ ਤੁਰਦਾ ਹੈ
ਅੰਸ਼ ਆਪਣੀ ਪਹਿਚਾਣ ਖੋਹ ਜਾਂਦਾ ਹੈ
ਅੰਸ਼ ਬ੍ਰੰਹਮ 'ਚ ਸਮਾਂਦਾ ਹੈ
ਬ੍ਰੰਹਮ ਅੰਸ਼ 'ਚ ਸਮਾਂਦਾ ਹੈ

-0-

ਦੇਹ ਜਦ
ਆਪਣਾ ਅੰਦਰ ਬਾਹਰ ਉਤਾਰਦੀ ਹੈ
ਤਾਂ ਆਪਣੇ ਅੰਦਰ ਦੇ ਸਨਮੁਖ
ਬਿੰਦੂ ਦਾ ਰੂਪ ਧਾਰਦੀ ਹੈ
ਦੇਹ ਨੂੰ ਆਪਣਾ ਆਪਾ
ਬ੍ਰਹਿਮੰਡ ਦੇ ਅਕਾਰ 'ਚ ਸਿਫਰਾ ਲਗਦਾ ਹੈ
ਦੇਹ 'ਚ ਧਰਿਆ ਕਰਤੇ ਦੇ ਅੰਸ਼ ਦਾ
ਦੀਵਾ ਜਗਦਾ ਹੈ
ਦੇਹ ਨੂੰ ਅੰਸ਼ ਦਾ ਦੀਵਾ ਸਾਗਰ ਦੀ
ਬੂੰਦ ਲਗਦਾ ਹੈ

-0-

ਇਹ ਅੰਸ਼ ਦਾ ਦੀਵਾ
ਜੋ ਦੇਹ ਦੀ ਹੋਂਦ ਹੈ
ਆਪਣੀ ਇੱਛਾ ਦੀ ਹੋਂਦ ਨੂੰ ਧਿਆਉਂਦਾ ਹੈ
ਦੀਵੇ ਤੋਂ ਸੂਰਜ ਹੋ ਜਾਂਦਾ ਹੈ
ਸੂਰਜਾਂ ਦਾ ਸੂਰਜ

ਬ੍ਰਹਮ ਆਪਣੀ ਦੇਹ ਚੋਂ ਪਾਉਂਦਾ ਹੈ
ਦੇਹ ਦਾ ਅੰਸ਼
ਦੇਹ 'ਚ ਹੀ ਬ੍ਰਹਮ ਦੇ ਅਕਾਰ ਦਾ ਸਭਿਆਸੀ ਹੈ
ਸੁਭਾਵਿਕ ਹੈ
ਅੰਸ਼ ਦਾ ਪ੍ਰਯੋਜਨ ਹੀ
ਬ੍ਰਹਮ ਦਾ ਅਭਿਆਸੀ ਹੋਣਾ ਹੈ
ਬ੍ਰਹਮ ਦੀ ਪਹਿਚਾਣ ਹੋਣਾ ਹੈ

-0-

ਬ੍ਰਹਮ ਮ੍ਰਿਤਯੂ ਰਹਿਤ ਹੈ ਅਜਨਮਾ ਹੈ
ਦੇਹ ਦਾ ਅੰਤ ਮੌਤ ਹੈ
ਦੇਹ ਦਾ ਅੰਸ਼ ਜਨਮ ਮਰਨ ਰਹਿਤ ਹੈ
ਦੇਹ ਬ੍ਰਹਮ ਦਾ ਸੰਕਲਪ ਨਹੀਂ ਕਰ ਸਕਦੀ
ਦੇਹ ਦਾ ਅੰਸ਼
ਆਪਣੇ ਅਭਿਆਸ ਤੇ ਅਰਾਧਨਾ
ਕਾਰਨ ਬ੍ਰਹਮ ਦਾ ਰੂਪ ਹੈ
ਬ੍ਰਹਮ ਦੇ ਪਿੰਡੇ ਦੇ ਦੁਆਲੇ ਦਾ ਨੂਰ ਹੈ
ਬ੍ਰਹਮ ਦੀ
ਤਸਵੀਰ ਹੈ ਤਾਸੀਰ ਹੈ
ਬ੍ਰਹਮ ਦੀ ਦੇਹ ਹੈ ਸ਼ਨਾਖਤ ਹੈ
ਬ੍ਰਹਮ ਦਾ ਰਾਹ ਹੈ ਘਰ ਹੈ ਦੁਆਰ ਹੈ
ਅੰਸ਼ ਹੀ ਬ੍ਰਹਮ ਆਪ ਹੈ

-0-

ਬ੍ਰਹਮ ਅੰਸ਼ ਦੀ ਬੂੰਦ ਦਾ ਅਭਿਲਾਸ਼ੀ ਹੈ
ਅੰਸ਼ ਦੀ ਬੂੰਦ ਬ੍ਰਹਮ ਸਾਗਰ ਬਿਨ ਉਦਾਸੀ ਹੈ
ਸਾਗਰ ਦੀ ਪਿਆਸ ਹੈ
ਸਾਗਰ ਦੀ ਪਿਆਸੀ ਹੈ
ਇਹ ਬੂੰਦ ਸਾਗਰ ਤੋਂ ਕਦੀ ਅਲੱਗ ਨਹੀਂ ਹੁੰਦੀ

ਇਹ ਦੇਂਹ ਨੂੰ ਨਹੀਂ ਜਿਉਂਦੀ
ਦੇਹ ਇਸਨੂੰ ਜਿਉਂਦੀ ਹੈ
ਦ੍ਹੇਹ 'ਚ ਰਹਿੰਦੀ ਵੀ
ਇਹ ਆਪਣੇ ਮੂਲ ਤੋਂ ਵੱਖਰੀ ਨਹੀਂ
ਲੱਖ ਜੂਨਾਂ ਭੋਗਦਾ ਜਿਸਮ ਇਸ ਦੇ ਸੰਗ ਹੈ ਬੇਸ਼ਕ
ਇਹ ਜਿਸਮ ਸੰਗ ਸਦਾ ਨਹੀਂ ਰਹਿੰਦੀ
ਆਪ੍ਣੇ ਆਦਿ ਅੰਤ ਤੋਂ ਕਦੀ ਵੀ ਵੱਖ ਨਹੀਂ ਰਹਿੰਦੀ

-0-

ਦੇਹ ਵਿਚਲ਼ੇ ਅੰਸ਼ ਦਾ ਵਜੂਦ
ਬ੍ਰਹਮ ਦਾ ਸੰਕਲਪ ਹੈ ਸਰੂਪ ਹੈ
ਦੇਹ ਦੀ ਉਪਾਦੀ ਤੋਂ ਬਿਨਾਂ
ਅੰਸ਼ ਹੀ ਆਪ ਬ੍ਰਹਮ ਹੈ ਬ੍ਰਹਮ ਦਾ ਰੂਪ ਹੈ

-0-

ਮਨੁੱਖ ਜੇ ਅੰਸ਼ ਤੇ ਅੰਸ਼ ਦੀ ਤਰਿਸ਼ਨਾਂ
ਨੂੰ ਪਾ ਲਵੇ
ਆਪਣੇ ਆਪ 'ਚੋਂ ਮਨੁੱਖਤਾ ਉੱਗਾ ਲਵੇ
ਮਨੁੱਖ ਹੀ ਬ੍ਰਹਮ ਜੋਤ ਦਾ ਵਸੇਰਾ ਹੈ
ਮਨੁੱਖੀ ਹੋਂਦ ਹੀ ਬ੍ਰਹਮ ਦਾ ਡੇਰਾ ਹੈ
ਮਨੁੱਖ ਮਨੁੱਖਤਾ ਦਾ ਜਨਮਦਾਤਾ ਹੈ
ਮਨੁੱਖ ਹੀ ਆਪਣੇ ਆਪ ਦਾ ਵਿਧਾਤਾ ਹੈ

0 0 0

## ਅਨੇਕਤਾ 'ਚ ਏਕਤਾ

ਆਪਣੇ ਆਪ ਤੋਂ ਉਠਿਆ
ਤੇਰੇ ਤਕ ਅੱਪੜਿਆ
ਸਫ਼ਰ 'ਚ ਆਪਣੇ ਆਪ ਚੋਂ ਮਨਫ਼ੀ ਹੋ ਗਿਆ
ਤੇਰੇ ਨਕਸ਼ਾਂ 'ਚ ਘੁਲ ਗਿਆ
ਤੇਰੀ ਪਹਿਚਾਣ ਬਣ ਗਿਆ
ਤੇਰੇ ਲਹੂ 'ਚ ਵਗਿਆ ਤੇਰੀ ਨਸ ਨਸ 'ਚ
ਉਤਰਿਆ
ਤੇਰੀ ਦੇਹ 'ਚ ਢਲ ਗਿਆ
ਮੈਂ ਆਪਣਾ ਆਪ ਤਰ ਗਿਆ
ਮੈਂ ਬੈਰੂਨੀ ਏਕਤਾ ਸਾਂ
ਅੰਦਰੂਨੀ ਏਕਤਾ 'ਚ ਰਲ ਗਿਆ

-0-

ਹੁਣ ਨਾ
ਮੁਹੱਲਾ ਗਲੀਆਂ ਘਰ ਵਿਹੜਾ ਕੰਧਾਂ ਕੋਠੇ
ਮੈਨੂੰ ਸਿਆਣਦੇ ਹਨ
ਮੈਂ ਆਪਣੇ ਲਹੂ ਚੋਂ ਉੱਗੇ ਰਿਸ਼ਤਿਆਂ ਲਈ
ਅਜ਼ਨਬੀ ਬਣ ਗਿਆ ਹਾਂ
ਨਾ ਕੋਈ ਮੇਰੇ 'ਚ ਉਤਰਦਾ ਹੈ
ਨਾ ਕੋਈ ਮੈਨੂੰ
ਆਪਣੇ 'ਚ ਉਤਾਰਦਾ ਹੈ
ਜਦ ਦਾ ਮੇਰਾ
ਜਿਸਮ ਮੇਰੇ ਸੱਚ 'ਚ ਗੁਮ ਗਿਆ ਹੈ
ਮੇਰੀ ਦੇਹ ਦਾ ਮਾਖੌਟਾ
ਮੇਰੇ ਸੱਚ ਤੋਂ ਉੱਤਰ ਗਿਆ ਹੈ

-0-

ਰੁੱਖ ਜੰਗਲ ਬੂੰਦ ਸਾਗਰ
ਪ੍ਰਕਿਰਤੀ ਆਪਣਾ ਵਜੂਦ ਤਿਆਗ
ਤੇਰੇ ਵਜੂਦ 'ਚ ਰਲ ਗਏ ਹਨ

ਕਿਰਨਾਂ ਚੋਂ ਸੂਰਜ ਜਨਮਿਆ ਹੈ
ਸ਼ਾਮ ਰਾਤ ਦੀ ਦੇਹ 'ਚ ਢਲ ਗਈ ਹੈ
ਦਿਨ ਰਾਤ ਸਦੀਆਂ ਚੋਂ ਗੁਜ਼ਰਦੇ ਯੁੱਗ ਹੋ ਗਏ ਹਨ
ਆਪਣੀ ਪਹਿਚਾਣ ਭੁੱਲ ਗਏ ਹਨ
ਤੇਰੀ ਪਹਿਚਾਣ ਤੇਰਾ ਸੱਚ ਹੋ ਗਏ ਹਨ

-0-

ਜ਼ੱਰਾ ਜ਼ੱਰਾ ਪਹਾੜ ਤਾਰਾ ਤਾਰਾ ਅਸਮਾਨ
ਕਿਣਕਾ ਕਿਣਕਾ ਧਰਤੀ ਦਾ ਵਜ਼ੂਦ ਹੋ ਗਿਆ ਹੈ
ਚਾਂਦਨੀ ਚੰਦਰਮਾ ਹੋ ਗਈ ਹੈ
ਅਨਿੱਜਤਾ
ਨਿੱਜਤਾ 'ਚ ਬਦਲ ਗਈ ਹੈ
ਮਨੁੱਖ ਨੇ ਆਪਣਾ ਆਪ ਮਨੁੱਖਤਾ 'ਚ
ਉਤਾਰਿਆ ਹੈ
ਮਨੁੱਖਤਾ ਨੂੰ ਆਪਣਾ ਸੱਚ ਨਜ਼ਰ
ਆਇਆ ਹੈ
ਨਦੀਆਂ ਦਰਿਆ ਸਾਗਰ ਨੂੰ ਮਿਲ ਗਏ ਹਨ
ਮਨੁੱਖ ਨੇ ਆਪਣੀ ਹੋਂਦ ਨੂੰ
ਮੱਥੇ 'ਚ ਜਗਾਇਆ ਹੈ
ਹੋਂਦ ਦਾ ਸੱਚ ਪ੍ਰਗਟਾਇਆ ਹੈ
ਆਪਣੀ ਸ਼ਨਾਖਤ ਗੁਆਈ ਹੈ
ਤੇਰਾ ਸੱਚ ਤੇ ਪਹਿਚਾਣ ਪਾਈ ਹੈ

-0-

ਪਸ਼ੂ ਪਕਸ਼ੀ ਡਾਰਾਂ ਸੰਗ ਵੱਗਾਂ ਸੰਗ
ਰਲ ਗਏ ਹਨ
ਜੀਵ ਜੰਤੂ ਆਪਣੀ ਨਿੱਜਤਾ ਭੁੱਲ ਕੇ
ਸਰਬਸੰਗ ਆ ਜੁੜੇ ਹਨ
ਪੌਣਾਂ 'ਚ ਪੌਣਾਂ ਰਲੀਆਂ ਹਨ
ਅੱਗਾਂ ਤੇਜ਼ 'ਚ ਸਿਮਟੀਆਂ ਹਨ

ਅਕਾਸ਼ ਆਪਣੇ ਸ਼ਬਦ 'ਚ ਵਸ ਗਿਆ ਹੈ
ਧਰਤੀ ਆਪਣੀ ਸੁੰਗਧ 'ਚ ਗੁੰਮ ਗਈ ਹੈ
ਕਾਇਨਾਤ 'ਚ ਏਕੇ ਦਾ ਆਕਾਰ ਫੈਲਿਆ ਹੈ
ਏਕੇ ਦੀ ਹਵਾ ਝੁੱਲੀ ਹੈ
ਏਕੇ ਦਾ ਚਾਨਣ ਪਸਰਿਆ ਹੈ
ਏਕੇ ਦਾ ਸੂਰਜ ਚੜ੍ਹਿਆ ਹੈ
ਏਕੇ ਦਾ ਸ਼ਬਦ ਧਰਤ ਤੇ ਅਕਾਸ਼ 'ਚ
ਗੂੰਜਿਆ ਹੈ

-0-

ਏਕੇ ਦਾ ਨੂਰ
ਮਨੁੱਖ ਮਨੁੱਖਤਾ ਤੇ ਕਾਇਨਾਤ
ਦੇ ਚਿਹਰੇ ਤੇ ਬਰਸਿਆ ਹੈ
ਅਨੇਕਤਾ ਚੋਂ
ਏਕਤਾ ਜਨਮੀ ਹੈ
ਏਕਤਾ ਦਾ ਵਿਸਥਾਰ ਹੋਇਆ ਹੈ
ਏਕਾ ਬ੍ਰਹਿਮੰਡ ਧਰਤ ਅਕਾਸ਼ ਪਤਾਲ ਹੋਇਆ ਹੈ
ਏਕਾ ਜਮਾਂ ਤਕਸੀਮ ਮਨਫ਼ੀ ਜ਼ਰਬ
ਦੇ ਹੱਦਾਂ ਬੰਨਿਆਂ ਤੋਂ ਆਰ ਪਾਰ ਹੋਇਆ ਹੈ

-0-

ਏਕੇ ਚੋਂ
ਪ੍ਰਕਿਰਤੀ ਦੇ ਬੈਰੂਨੀ ਤੇ ਅੰਦਰੂਨੀ
ਸੱਚ ਦਾ ਆਗਾਜ਼ ਹੁੰਦਾ ਹੈ
ਬੈਰੂਨੀ ਸੱਚ
ਵਿਲੱਖਣਤਾ ਜਨਮਦਾ ਹੈ
ਵੱਖਰੀਆਂ ਮੌਸਮ ਬਹਾਰਾਂ ਰੁੱਤਾਂ ਖੁਸ਼ਬੂਆਂ
ਪੱਤਝੱੜਾਂ ਉਜਾੜਾਂ ਚੁੱਪਾਂ ਤੇ ਉਦਾਸੀਆਂ
ਸਿਰਜਦਾ ਹੈ
ਏਕੇ ਦਾ ਬੈਰੂਨੀ ਸੱਚ ਅਨੇਕਤਾ ਹੈ
ਅਨੇਕਤਾ ਦਾ ਅੰਦਰੂਨੀ ਸੱਚ ਏਕਤਾ ਹੈ

ਅਨੇਕਤਾ

ਵੱਖਰੇ ਨਦੀਆਂ ਦਰਿਆਵਾਂ ਆਬਸ਼ਾਰਾਂ
ਰੁੱਖਾਂ ਜੰਗਲਾਂ ਪਹਾੜਾਂ ਸਹਿਰਾ ਸਾਗਰ
ਬਰਸਾਤਾਂ ਧੁੱਪਾਂ ਛਾਂਵਾਂ
ਵੱਖਰੀਆਂ ਧਰਤੀਆਂ ਜਾਤਾਂ ਨਸਲਾਂ ਤੇ
ਰੰਗਾਂ ਦੇ ਲੋਕ ਜਨਮਦੀ ਹੈ

–0–

ਏਕੇ ਨੇ ਲਾਈ ਹੈ ਆਪਣੀ ਸਿਰਜਣਾ 'ਚ
ਬਰਸਾਤ ਅਨੇਕਤਾ ਦੀ
ਅਨੇਕਾਂ ਰੰਗ ਰਾਗ ਸੁਰ ਸ਼ਬਦ
ਬਾਣੀਆਂ ਸ਼ਲੋਕ
ਏਕੇ ਦੀ ਸਿਰਜਣਾ 'ਚ
ਕੋਈ ਕਿਸੇ ਨਾਲ ਨਹੀਂ ਮਿਲਦਾ
ਵੱਖ ਵੱਖ ਰੁੱਤਾਂ ਦੇ ਬੀਜ
ਪੰਛੀਆਂ ਦੇ ਚੋਗੇ ਤੇ ਆਲ੍ਹਣੇ ਹਨ
ਜਲ ਦੀ ਦੁਨੀਆਂ ਧਰਤੀ ਦੀ ਦੁਨੀਆਂ
ਅਕਾਸ਼ ਦੀ ਦੁਨੀਆਂ
ਦੁਨੀਆਂ ਦੀ ਦੁਨੀਆਂ
ਧਰਤੀ ਦਾ ਜ਼ੱਰਾ ਜ਼ੱਰਾ ਵੱਖਰਾ ਹੈ
ਅਸਮਾਨ ਦਾ ਤਾਰਾ ਤਾਰਾ ਵੱਖਰਾ ਹੈ
ਹਰ ਗ੍ਰਹਿ ਵੱਖਰਾ ਹੈ

–0–

ਸੂਰਜ ਦੀ ਹਰ ਕਿਰਨ ਵੱਖਰੀ ਹੈ
ਬੱਦਲ ਦੀ ਹਰ ਬੂੰਦ ਵੱਖਰੀ ਹੈ
ਪੰਛੀਆਂ ਦੇ ਕੰਠ ਦੀ ਅਵਾਜ਼
ਹਵਾ 'ਚ ਝੂਲਦੇ ਪੱਤਿਆਂ ਦਾ ਸੰਗੀਤ
ਸਾਜ਼ ਤੇ ਤਾਲ ਵੱਖਰਾ ਹੈ

–0–

ਅੰਦਰੂਨੀ ਸੱਚ 'ਚ
ਪ੍ਰਕਿਰਤੀ ਤੇ ਮਨੁੱਖਤਾ ਦੀ ਇਕਾਈ ਹੈ
ਰੁੱਖ ਜੰਗਲ ਤੇ ਪ੍ਰਕਿਰਤੀ ਦਾ ਲਹੂ ਇਕੋ ਹੈ
ਮਨੁੱਖ ਤੇ ਮਨੁੱਖਤਾ ਦੇ ਲਹੂ ਦਾ ਰੰਗ ਇਕੋ ਹੈ
ਰੁੱਖਾਂ ਦੇ ਅੰਦਰ ਦੀ ਮਨੁੱਖਾਂ ਦੇ ਅੰਦਰ ਦੀ
ਸੱਚਾਈ ਇਕੋ ਹੈ
ਦਿਲ ਦੀ ਧੜਕਣ ਚੇਤਨਾ ਦਾ ਤੱਤ ਇਕੋ ਹੈ
ਸਾਗਰ ਦੇ ਜੀਵ ਜੰਤੂ
ਸਾਗਰ ਦੀ ਹੋਂਦ ਹਨ ਪਹਿਚਾਣ ਹਨ ਚਿਹਰਾ ਹਨ
ਜੀਵਾਂ ਅੰਦਰਲੀ ਕਾਰਜ਼ ਪ੍ਰਣਾਲੀ ਇਕੋ ਹੈ
ਅੰਦਰੂਨੀ ਦੁਨੀਆਂ ਦੁਆਲੇ
ਬੈਰੂਨੀ ਏਕਿਆਂ ਦਾ ਵਿਸਥਾਰ ਹੈ
ਵੱਖਰੇ ਚਿਹਰੇ ਵੱਖਰੀ ਨੁਹਾਰ ਹੈ
ਅੰਦਰ ਵਗਦੀ ਲਹੂ ਦੀ ਨਦੀ ਇਕੋ ਹੈ
ਬਾਹਰ ਚਿਹਰਿਆਂ ਦੀ
ਆਪਣੀ ਆਪਣੀ ਵੱਖਰੀ ਪਹਿਚਾਣ ਹੈ

-0-

ਅੰਦਰੂਨੀ ਏਕਾ
ਬੈਰੂਨੀ ਏਕਿਆਂ 'ਚ ਵੰਡਿਆ ਪਿਆ ਹੈ
ਬੈਰੂਨੀ ਏਕਿਆਂ ਦੀ ਆਪਣੀ ਬਣਤਰ ਹੈ
ਆਪਣਾ ਰੂਪ ਹੈ ਆਪਣੀ ਸ਼ਕਲ ਸੂਰਤ ਹੈ
ਆਪਣੇ ਅੰਗਾਂ ਨਕਸ਼ਾਂ ਰੰਗਾਂ ਦਾ ਵਿਸਥਾਰ ਹੈ
ਹਰ ਚਿਹਰੇ ਦੀ
ਆਪਣੀ ਦੁਨੀਆਂ ਹੈ ਆਪਣਾ ਸੰਸਾਰ ਹੈ
ਆਪਣਾ ਮੌਸਮ ਆਪਣਾ ਗੁਲਸ਼ਨ
ਆਪਣਾ ਜੀਵਨ ਆਪਣੀ ਬਹਾਰ ਹੈ

-0-

ਅੰਦਰੂਨੀ ਏਕਿਆਂ ਦਾ ਰੰਗ ਇਕੋ ਹੈ
ਲਹੂ ਇਕੋ ਹੈ
ਅੰਦਰੂਨੀ ਸਮੱਗਰੀ ਦੀ ਬਣਤਰ ਇਕੋ ਹੈ
ਅੰਦਰੂਨੀ ਧਰਤ ਇਕੋ ਹੈ ਅਕਾਸ਼ ਇਕੋ ਹੈ
ਸ਼ਬਦ ਅਵਾਜ਼ ਦਾ ਆਪਣਾ ਆਪਣਾਂ ਰੂਪ ਹੈ
ਆਪਣਾ ਅੰਦਾਜ਼ ਹੈ
ਹਰ ਸ਼ਬਦ ਦੀ ਅਵਾਜ਼ 'ਚ ਅਵਾਜ਼ ਇਕੋ ਹੈ
ਅਕਾਸ਼ 'ਚ ਵਸਦੇ ਅਕਾਸ਼ ਦੀ ਨੁਹਾਰ ਇਕੋ ਹੈ
ਧਰਤੀਆਂ 'ਚ ਵਸਦੀ ਧਰਤੀ ਦੀ
ਤਾਸੀਰ ਇਕੋ ਹੈ
ਪ੍ਰਕਿਰਤੀ ਤੇ ਜੀਵਨ ਦਾ ਮੂਲ ਇਕੋ ਹੈ
ਅਧਾਰ ਇਕੋ ਹੈ

-0-

ਬੈਰੂਨੀ ਏਕਿਆਂ ਦੀ ਤਕਸੀਮ ਨੂੰ ਜਮਾਂ ਕਰੋ
ਅੰਦਰਲਾ ਏਕਾ ਸਿਰਜਿਆ ਜਾਏਗਾ
ਜੋ ਆਪਣੇ ਆਪ ਨੂੰ ਆਪਣੇ ਆਪ 'ਚ ਜਮਾਂ ਕਰੇਗਾ
ਆਪਣਾ ਸੱਚ ਪਾਏਗਾ ਆਪਣੀ ਪਹਿਚਾਣ ਪਾਏਗਾ

0 0 0

# ਵਿਵੇਕ

ਜ਼ਿੰਦਗੀ ਕੁਦਰਤੀ ਰਹਿਮਤ ਹੈ
ਪਰ ਖ਼ੂਬਸੂਰਤ ਜ਼ਿੰਦਗੀ
ਆਪਾ ਸੁਆਰਨ ਦੀ ਨਿਹਮਤ ਹੈ
ਆਪਾ ਉੱਚਾ ਉਠਾਵਣ ਦੀ ਨਿਹਮਤ ਹੈ
ਆਪਣੀ ਮੈਂ ਚੋਂ ਤੂੰ ਨੂੰ ਜਗਾਵਣ ਦੀ ਨਿਹਮਤ ਹੈ
-0-
ਮੇਰੇ ਵਿਚਲਾ ਵਿਵੇਕ
ਜਦ ਜ਼ਿੰਦਗੀ ਦੇ ਰੁੱਖ 'ਚ ਉਤਰਦਾ ਹੈ
ਰੁੱਖ ਤੇ ਨਿਖ਼ਾਰ ਆਉਂਦਾ ਹੈ
ਰੁੱਖ ਦਾ ਵਜੂਦ ਮਹਿਕਦਾ ਹੈ
ਰੁੱਖ ਆਪਣੇ ਆਪ ਨੂੰ ਭਾਉਂਦਾ ਹੈ
ਪੱਤਿਆਂ ਫਲਾਂ ਫੁੱਲਾਂ 'ਚ ਡਲ੍ਹਕਦਾ ਹੈ
ਛਿੱਲੜ ਤਨ੍ਹਾਂ ਤੇ ਟਹਿਣੀਆਂ ਚੋਂ ਝਲਕਦਾ ਹੈ
-0-
ਰੁੱਖ ਜਦ ਆਪਣਾ ਚਿਹਰਾ
ਵਿਵੇਕ ਦੇ ਦਰਪਣ ਚੋਂ ਤੱਕਦਾ ਹੈ
ਅੰਬਰ ਦਾ ਚੰਨ ਲਗਦਾ ਹੈ
ਉਸ ਦੀ ਆਪਣੀ ਸੁੰਦਰਤਾ ਦੁਆਲੇ ਫੈਲਦੀ ਹੈ
ਧਰਤੀ ਤੇ ਕਿਰਨਾਂ ਦਾ ਝੁਰਮਟ ਧਰਦੀ ਹੈ
ਚਾਨਣੀ ਰਾਤ 'ਚ ਤੁਰਦੀ ਹੈ
ਆਣੀ ਠੰਡਕ ਜ਼ੱਰੇ ਜ਼ੱਰੇ 'ਚ ਖਿਲਾਰਦੀ ਹੈ
ਆਪਣਾ ਹੁਸਨ ਧਰਤੀ ਤੇ ਉਤਾਰਦੀ ਹੈ
ਚਾਨਣ ਦੇ ਘੁੱਟ ਭਰਦੀ ਹੈ
ਚਾਨਣ ਉਸਦੇ ਗਲੇ ਦੀਆਂ ਰਗਾਂ ਚੋਂ
ਉਤਰਦਾ ਨਜ਼ਰ ਆਉਂਦਾ ਹੈ
ਜਿਵੇਂ ਕਾਲੀਆਂ ਘੱਟਾਵਾਂ ਦੀ ਆਗੋਸ਼ 'ਚ
ਚੰਨ ਚਮਕਦਾ ਤੇ ਮੋਰ ਪੈਲ ਪਾਉਂਦਾ ਹੈ
-0-

ਰੁੱਖ ਨੂੰ ਵਿਵੇਕ ਦਾ ਦਰਪਣ
ਤੇ ਚਿਹਰਾ ਸੁੰਦਰ ਲਗਦਾ ਹੈ
ਆਪਣੇ ਦੁਆਲੇ ਸੁੰਦਰ ਚਿਹਰਿਆਂ ਦਾ
ਸਾਗਰ ਸਿਰਜਦਾ ਹੈ
ਆਪਣੇ ਕੋਲ ਬਹਿੰਦਾ ਹੈ ਆਪਣਾ
ਆਪ ਸੁਣਦਾ ਹੈ
ਆਪਾ ਉਧੇੜਾ ਤੇ ਬੁਣਦਾ ਹੈ
ਆਪਾ ਧੋਂਦਾਂ ਮਾਂਜਦਾ ਤੇ ਕਲੀ ਕਰਦਾ ਹੈ
ਆਪਣੀ ਖ਼ੁਸ਼ਬੂ ਦੁਆਲੇ ਘੋਲਦਾ
ਮਹਿਕਾਂ ਸੰਗ ਅੰਦਰ ਭਰਦਾ ਹੈ
ਜ਼ਿੰਦਗੀ ਤੇ ਮਨੁੱਖ ਦੀ ਤਲੀ ਤੇ
ਸੂਰਜਾਂ ਦੇ ਹਜ਼ੂਮ ਧਰਦਾ ਹੈ
ਸਾਂਝਾ ਤੇ ਮੁਹੱਬਤਾਂ ਦੇ ਦੀਵੇ ਜਗਾਉਂਦਾ ਹੈ
ਆਪਣੇ ਹਮਸਾਏ ਦੇ ਦੁੱਖ 'ਚ ਇਨਾਂ ਉਤਰ ਜਾਂਦਾ ਹੈ
ਕਿ ਹਮਸਾਏ ਦੇ ਦਰਦ ਦੀ ਦੁਆ ਹੋ ਜਾਂਦਾ ਹੈ

-0-

ਰੌਣਕਾਂ ਖ਼ੁਸ਼ੀਆਂ ਰਾਂਗ ਰੰਗ
ਤੇ ਸੁਰਾਂ ਦੇ ਦਰ ਖੋਲ੍ਹਦਾ ਹੈ
ਆਪਣੇ ਦੁਆਲੇ ਦੇ ਕੋਹਰ ਤੇ ਪ੍ਰਦੂਸ਼ਣ 'ਚ
ਤਾਜ਼ਗੀ ਤੇ ਸੁੰਦਰਤਾ ਭਰਦਾ ਹੈ
ਮੌਸਮ ਬਹਾਰਾਂ ਫੁੱਲਾਂ ਰੰਗਾਂ ਦੀ
ਦੁਨੀਆਂ ਉਸਾਰਦਾ ਹੈ
ਜ਼ਿੰਦਗੀ ਦੇ ਵਿਹੜੇ ਸੂਰਜ ਦੀਆਂ ਕਿਰਨਾਂ
ਚੰਨ ਦੀਆਂ ਰਿਸ਼ਮਾਂ ਤੇ ਤਾਰਿਆਂ ਦੀ ਝਿਲਮਿਲ
ਤੇ ਧਰਤ ਦੀ ਸੁੰਗਧ ਖਿਲਰਦੀ ਹੈ
ਆਪਣੀ ਸੂਝ ਤੇ ਸਿਆਣਪ ਸੰਗ
ਧਰਤੀ ਦਾ ਨਰਕ ਹੂੰਝਦਾ ਹੈ
ਸਵੱਰਗ ਉਤਾਰਦਾ ਹੈ

-0-

ਆਪਣੇ ਵਿਵੇਕ ਦੀ ਛਾਂ
'ਚ ਤੁਰਦਾ ਰੁੱਖ
ਆਪਣੇ ਤੋਂ ਜੰਗਲ ਦਾ ਸਫ਼ਰ ਸੁਹਾਣਾ ਕਰਦਾ ਹੈ
ਆਪਣੇ ਪੈਰਾਂ 'ਚ ਚਾਨਣੀ ਵਿਛਾਉਂਦਾ ਹੈ
ਕਾਫ਼ਲੇ ਸੂਰਜਾਂ ਦੇ
ਆਪਣੇ ਪੱਤਿਆਂ ਤੇ ਧਰਦਾ ਹੈ
ਆਪਣੇ ਸਾਗਰ ਤੇ ਤੁਰਦਾ ਹੈ
ਆਪਣੇ ਅੰਬਰ 'ਚ ਉਤਰਦਾ ਹੈ
ਆਪਣੇ ਜੀਵਨ ਸਫ਼ਰ 'ਚ ਸੱਚ ਤੇ
ਸੁੰਦਰਤਾ ਉੱਗਾਉਂਦਾ ਹੈ
ਦੁਆਲਾ ਚਾਨਣ ਨਾਲ ਭਰਦਾ ਹੈ
ਅੰਦਰਲੇ ਵਿਹੜੇ ਕੰਧਾਂ ਤੇ ਛੱਤਾਂ ਤੇ
ਚੰਨਾਂ ਸੂਰਜਾਂ ਦੇ ਦੀਵੇ ਬਾਲ਼ਦਾ ਹੈ
ਸੱਚ ਜਨਮਦਾ ਅਲਾਪਦਾ ਬੋਲਦਾ
ਤੇ ਉਚਾਰ਼ਦਾ ਹੈ

-0-

ਰੁੱਖਾਂ ਦੀ ਧਰਤੀ ਚਿਰਾਗਾਂ ਵਾਂਗ ਜਗਦੀ ਹੈ
ਰੁੱਖਾਂ ਦੀ ਦੁਨੀਆਂ ਤਾਰਿਆਂ ਵਾਂਗ ਟਿੱਮਟਮਾਉਂਦੀ ਹੈ
ਪੱਤੇ ਨੂੰ ਰੁੱਖ ਦੀ
ਰੁੱਖ ਨੂੰ ਜੰਗਲ ਦੀ ਸਮਝ ਆਉਂਦੀ ਹੈ
ਰੁੱਖ ਜੰਗਲ ਤੇ ਮਨੁੱਖ
ਪ੍ਰਕਿਰਤੀ ਦੀ ਇਕਾਈ ਦਿੱਸਦੀ ਹੈ
ਮਾਨਵ ਦੀ ਆਪਣੀ ਹਸਤੀ
ਮਾਨਵ ਮਾਨਵ ਅਲਾਪਦੀ ਹੈ
ਮਨੁੱਖ ਚੋਂ ਮਨੁੱਖਤਾ ਦਾ ਜਨਮ ਹੁੰਦਾ ਹੈ
ਮਨੁੱਖ ਹੀ ਮਾਨਵਤਾ ਦੀ ਕੁੱਖ
ਮਨੁੱਖਤਾ ਦਾ ਕਰਮ ਹੁੰਦਾ ਹੈ

-0-

ਦੁਨੀਆਂ ਰੰਗ ਭਰੇ ਮੇਲੇ ਵਾਂਗ ਸਜਦੀ ਹੈ
ਅਰਸ਼ਾਂ ਤੋਂ ਉਤਰੀ ਪਰੀ ਲਗਦੀ ਹੈ
ਵੱਖ ਵੱਖ ਨਸਲਾਂ ਜਾਤੀਆਂ ਤੇ ਬੋਲੀਆਂ
ਦੀਆਂ ਨਦੀਆਂ ਦਰਿਆ ਵਗਦੇ ਹਨ
ਅੰਬਰ ਤੋਂ ਉਤਰੇ ਧਰਤੀ ਵਿਹੜੇ
ਚੰਨਾਂ ਸੂਰਜਾਂ ਤਾਰਿਆਂ ਦੀ ਹੋਂਦ ਜਗਦੀ ਹੈ
ਧਰਤੀ ਦੀ ਹਿੱਕ ਤੇ ਨੂਰ ਦੀ
ਇਕ ਨਦੀ ਵਗਦੀ ਹੈ
ਚਾਨਣ ਧਰਤੀ ਦੇ ਗੋਸ਼ੇ ਗੋਸ਼ੇ ਨੂੰ ਰੁਸ਼ਨਾਉਂਦਾ ਹੈ
ਜਿਵੇਂ ਅੰਬਰਾਂ ਤੋਂ ਰੱਬ
ਧਰਤੀ ਤੇ ਉਤਰ ਆਉਂਦਾ ਹੈ

-0-

ਬਸੰਤ ਰੁੱਤ ਵਾਂਗ ਜ਼ਿੰਦਗੀ ਆਪਣੇ ਵਿਹੜੇ 'ਚ
ਵੰਨ ਸੁਵੰਨੇ ਰੰਗ ਖਿਲਾਰਦੀ ਹੈ
ਆਪਣੀ ਦੇਹ 'ਚ
ਨੂਰ ਦਾ ਮੁਜੱਸਮਾ ਉਤਾਰਦੀ ਹੈ
ਜ਼ਿੰਦਗੀ ਜਗਦੀ ਹੈ
ਰੱਬ ਦੀ ਪ੍ਰਾਹੁਣੀ ਲਗਦੀ ਹੈ
ਸੋਨੇ ਦਾ ਆਸਮਾਂ ਸਿਰ ਤੇ
ਚਾਂਦੀ ਦੀ ਧਰਤ ਪੈਰਾਂ 'ਚ ਵਿਛਾਉਂਦੀ ਹੈ
ਰੱਬੀ ਜੋਤ ਦੇ ਦੀਵੇ
ਤਲੀਆਂ ਤੇ ਜਗਾਉਂਦੀ ਹੈ
ਸੱਚ ਦੇ ਵਿਹੜੇ ਸੁੰਦਰਤਾ ਧਮਾਲ ਪਾਉਂਦੀ ਹੈ

-0-

ਘਰਾਂ ਦੀਆਂ ਗਲ਼ੀਆਂ ਕੰਧਾਂ
ਤੇ ਵਿਹੜੇ ਮੁਸਕਰਾਉਂਦੇ ਹਨ
ਛੱਤਾਂ ਤੇ ਬੰਨੇਰਿਆਂ 'ਤੇ ਚੰਨ ਸੂਰਜ
ਆਣ ਬਹਿੰਦੇ ਹਨ
ਅੰਬਰ ਧਰਤੀ ਨੂੰ ਨੈਣਾਂ 'ਚ ਪਾਉਂਦਾ ਹੈ

ਧਰਤੀ ਦੁਲਹਨ ਵਾਂਗ ਸੱਜਦੀ ਹੈ
ਨੂਰ ਦਾ ਨੂਰ ਲੱਗਦੀ ਹੈ
ਖੁਸ਼ੀਆਂ ਦਾ ਦੌਰ ਮਨੁੱਖ ਤੇ ਮਨੁੱਖਤਾ 'ਚ ਚਲਦਾ ਹੈ
ਕੁਦਰਤ ਆਪਣੇ ਦੁਆਲੇ ਨੂਰ ਉਣਦੀ ਹੈ
ਕਾਦਰ ਕੁਦਰਤ ਦੀ ਦੇਹ 'ਚ ਉਤਰ ਆਉਂਦਾ ਹੈ
ਮਨੁੱਖ ਜਗਦਾ ਹੈ ਮਨੁੱਖਤਾ ਜਗਦੀ ਹੈ
ਸੋਨੇ ਦੇ ਥਾਲ 'ਚ ਧਰਤੀ
ਸੂਰਜਾਂ ਦੀ ਮਾਂ ਲਗਦੀ ਹੈ

-0-

ਕੁਦਰਤ ਮਾਨਵ ਤੇ ਮਾਨਵਤਾ 'ਚ
ਇਕ ਰੂਪ ਦਾ ਚਾਨਣ ਪੁੰਗਰਦਾ ਹੈ
ਹਵਾ ਆਪਣਾ ਵੇਗ ਜਿਉਂਦੀ ਹੈ
ਅੱਗ ਆਪਣਾ ਤੇਜ਼ ਹੰਢਾਉਂਦੀ ਹੈ
ਜਲ ਆਪਣੇ ਰੱਸ 'ਚ ਉਤਰਦਾ ਹੈ
ਧਰਤੀ ਸੁਫਨੇ ਦੇ ਸੱਚ 'ਚ ਸਮਾਉਂਦੀ ਹੈ

-0-

ਮਨੁੱਖ ਵਿਚਲਾ ਬਿੰਦੂ
ਪ੍ਰਕਿਰਤੀ ਦਾ ਦਾਇਰਾ ਹੰਢਾਉਂਦਾ ਹੈ
ਪ੍ਰਕਿਰਤੀ ਦੇ ਨੈਣਾਂ 'ਚ ਜਗਦਾ ਹੈ
ਪ੍ਰਕਿਰਤੀ 'ਚ ਵਸਦਾ ਰੱਬ ਲਗਦਾ ਹੈ
ਪ੍ਰਕਿਰਤੀ ਦੇ ਲਹੂ 'ਚ ਤੁਰਦਾ ਹੈ
ਆਪਣਾ ਮੂਲ ਪਹਿਚਾਣਦਾ ਹੈ
ਜੜ੍ਹ ਵੱਲ ਮੁੜਦਾ ਹੈ

-0-

ਰੁੱਖ ਆਪਣੇ ਵਿਵੇਕ ਸਦਕਾ
ਆਪਣਾ ਆਪਾ ਜੜ੍ਹਾਂ ਫਲਾਂ ਫੁੱਲਾਂ 'ਚ
ਢਾਲ ਦਿੰਦਾ ਹੈ

ਆਪਣਾ ਹੁਸਨ ਰੂਪ ਰੰਗ ਬੋਧ
ਜ਼ਿੰਦਗੀ 'ਚ ਉਤਾਰ ਦਿੰਦਾ ਹੈ
ਤਾਂ ਕਿ ਵਿਵੇਕ ਦੀ ਜੋਤ
ਮਨੁੱਖ ਤੇ ਮਨੁੱਖਤਾ 'ਚ ਜਗਦੀ ਰਹੇ
ਧਰਤ ਤੇ ਅੰਬਰ ਤਕ ਫੈਲਦੀ ਰਹੇ
ਉੱਤਰ ਪੂਰਬ ਪੱਛਮ ਦੱਖਣ ਤਕ ਦੇ ਆਦਿ ਅੰਤ
ਤਕ ਇਸਦਾ ਚਾਨਣ ਰਹੇ
ਜਨਮ ਤੋਂ ਮੌਤ ਤਕ ਬਲਦੀ ਰਹੇ
ਜ਼ਿੰਦਗੀ ਵਿਵੇਕ
ਵਿਵੇਕ ਜ਼ਿੰਦਗੀ ਲਗਦੀ ਰਹੇ

0 0 0

## ਸੱਚ ਤੇ ਸੁੰਦਰਤਾ

ਮੇਰੇ ਅੰਦਰ ਕੁਦਰਤ ਹੈ
ਮੌਸਮ ਰੁੱਤਾਂ ਬਹਾਰਾਂ ਹਨ
ਫ਼ਲਾਂ ਰੰਗਾਂ ਲੱਦੇ ਬਾਗ਼ਾਂ ਦੇ ਬਾਗ਼ ਹਨ
ਪਹਾੜ ਜੰਗਲ ਦਰਿਆ ਤੇ ਸਾਗਰ ਹਨ
ਬਾਂਣੀ ਦਾ ਪ੍ਰਕਾਸ਼ ਹੈ ਰੱਬੀ ਨੂਰ ਦਾ ਉਜਾਲਾ ਹੈ

-0-

ਅੰਦਰ ਸੂਰਜ ਚੰਨ ਤਾਰੇ
ਬ੍ਰਹਿਮੰਡਾਂ ਦੀ ਸਮੱਗਰੀ ਸੰਗ ਅਕਾਸ਼ ਹੈ
ਆਬਸ਼ਾਰ ਹਨ ਖੁਸ਼ਬੂਆਂ ਹਨ
ਹਵਾ ਦਾ ਵੇਗ ਹੈ
ਚਾਂਦੀ ਦੀ ਧਰਤ ਹੈ ਅੱਗਣ ਦਾ ਤੇਜ਼ ਹੈ
ਮੇਰੇ ਅੰਦਰ ਹੀ ਮੇਰਾ ਮੰਦਰ ਹੈ
ਜਿਸ 'ਚ ਜਗਦੀ ਮੇਰੀ ਜੋਤ ਹੈ
ਮੈਂ ਆਪਣਾ ਸੱਚ ਜਦ ਵੀ ਹੰਢਾਉਂਦਾ ਹਾਂ
ਨੂਰ ਦੀ ਦੁਨੀਆਂ 'ਚ ਪਹੁੰਚ ਜਾਂਦਾ ਹਾਂ
ਜਿੱਥੇ ਮੇਰਾ ਸੱਚ ਉਜਾਗਰ ਹੈ
ਮੇਰੀ ਬੂੰਦ ਦਾ ਸੱਚ ਸੱਚ ਦਾ ਸਾਗਰ ਹੈ

-0-

ਦੁਆਲੇ ਦੀ ਦੁਨੀਆਂ ਮੈਲੀ ਹੈ
ਧੋਖਾ ਫਰੇਬ ਦਗ਼ਾਬਾਜ਼ੀ ਮਨੁੱਖਤਾ ਦੀ ਮੰਡੀ ਹੈ
ਔਰਤਾਂ ਬੱਚਿਆਂ ਦੀ ਵਿੱਕਰੀ ਦਾ ਬਜ਼ਾਰ ਹੈ
ਆਦਮੀ ਦਾ ਮੁੱਲ ਵਟਦਾ ਹੈ ਆਦਮੀ
ਦਰੋਪਤੀ ਦਾ ਚੀਰ ਹਰਨ ਰੋਜ਼ ਦਾ ਕਾਰੋਬਾਰ ਹੈ
ਪਾਂਡਵ ਮਰ ਗਏ ਕੌਰਵਾਂ ਦਾ ਸੰਸਾਰ ਹੈ
ਚੱਪਾ ਚੱਪਾ ਧਰਤ 'ਤੇ ਕੁਰੂਕਸ਼ੇਤਰ ਅਬਾਦ ਹੈ
ਹਸਤਨਾਪੁਰ ਦਾ ਖੰਡਰ ਹੈ ਰੌਣਕਾਂ ਦੀ ਲਾਸ਼ ਹੈ
ਬਜ਼ਾਰਾਂ 'ਚ ਧਰਮ ਤੇ ਭਗਵਾਨ ਵਿਕਦਾ ਹੈ
ਮੰਦਰ ਮਸਜ਼ਦ ਤੇ ਗਿਆਨ ਵਿਕਦਾ ਹੈ

ਗੀਤਾ ਗ੍ਰੰਥ ਤੇ ਕੁਰਾਨ ਵਿਕਦਾ ਹੈ
ਟੱਕੇ ਦੀ ਸੀਤਾ ਟੱਕੇ ਦਾ ਰਾਮ ਵਿਕਦਾ ਹੈ

-0-

ਅੰਦਰ ਵਗਦੀਆਂ ਨਦੀਆਂ 'ਚ
ਅਕਾਸ਼ੋਂ ਪਰੀਆਂ ਨਹਾਉਣ ਆਉਂਦੀਆਂ ਹਨ
ਆਪਣੀ ਸੁੰਦਰਤਾ ਤੇ ਖੁਸ਼ਬੂਆਂ
ਮੇਰੇ ਜਲ 'ਚ ਘੋਲਦੀਆਂ ਹਨ
ਅੰਬਰ ਦੇ ਨਕਸ਼ ਮੇਰੀ ਦੇਹ 'ਚ ਉਤਾਰਦੀਆਂ ਹਨ
ਲੰਬੇ ਸਾਹ ਲੈਂਦੀਆਂ ਹਨ
ਆਪਣੇ ਰੂਪ ਦਾ ਚਾਨਣ
ਮੇਰੇ ਚਾਨਣ 'ਚ ਧਰਦੀਆਂ ਹਨ
ਰਾਗ ਤੇ ਰੰਗਾਂ ਦੀ ਦੁਨੀਆਂ
ਮੇਰੇ ਸਾਹਾਂ 'ਚ ਉਤਰਦੀ ਹੈ
ਸਾਜ਼ ਤੇ ਸੁਰਾਂ ਦੇ ਕੰਠ ਖੁੱਲ੍ਹਦੇ ਹਨ
ਕੁਦਰਤ ਦੇ ਪੈਰ ਥਿੜਕਦੇ ਹਨ
ਜ਼ਿਮੀਂ ਤੇ ਆਸਮਾਂ ਆਪਸ 'ਚ ਮਿਲਦੇ ਹਨ
ਬੱਦਲਾਂ ਚੋਂ ਰੰਗਾਂ ਦੇ ਖੁਸ਼ਬੂਆਂ ਦੀ ਬਰਸਾਤ ਹੁੰਦੀ ਹੈ
ਧਰਤੀ ਦੇ ਪਿੰਡੇ 'ਚ ਸ਼ਬਦ ਤੁਰਦਾ ਹੈ
ਸ਼ਬਦ ਦੇ ਅਰਥ ਦਾ ਸੁਰ ਅੰਬਰ 'ਚ ਘੁਲਦਾ ਹੈ
ਕਾਇਨਾਤ ਰੰਗਾਂ ਦੀ ਫੁੱਲਕਾਰੀ ਪਹਿਣਕੇ
ਅੰਬਰ ਦੀ ਅੱਖ 'ਚ ਨੱਚਦੀ ਹੈ
ਆਪਣੇ ਹੁਸਨ ਦੀਆਂ ਬੁੱਕਾਂ ਭਰ ਭਰ ਕੇ ਵੰਡਦੀ ਹੈ

-0-

ਸੁੰਦਰਤਾ ਦੀਆਂ ਤਲੀਆਂ ਤੇ
ਸੁੰਦਰਤਾ ਨਿਰਤ ਕਰਦੀ ਹੈ
ਨੂਰ ਦਾ ਨੂਰ ਝਰਦਾ ਹੈ
ਧਰਤੀ ਨੂਰ 'ਚ ਆਪਣਾ ਮੁੱਖ ਧੋਂਦੀ ਹੈ
ਅੰਬਰ ਦੀ ਪ੍ਰਕਰਮਾ ਕਰਦੀ ਹੈ
ਇਕ ਤਲੀ ਤੇ ਸੂਰਜ
ਇਕ ਤਲੀ ਤੇ ਚੰਨ ਧਰਤੀ ਹੈ

-0-

ਦੁਆਲੇ ਦੀ ਦੁਨੀਆਂ ਜੰਗਲੀ ਹੈ
ਅਸਭਿਅੱਕ ਹੈ
ਮਾੜੇ ਦੀ ਮੌਤ ਤਕੜੇ ਦਾ ਮੰਗਲ ਹੈ
ਮਨੁੱਖ ਨੇ ਸਾਗਰ ਤੱਤੇ ਤਵੇ ਤੇ ਰੱਖ ਕੇ
ਭੁੰਨਿਆ ਹੈ
ਜ਼ਿੰਦਗੀ ਦੇ ਜਿਸਮ 'ਚ ਸੋਗ ਗੁੰਨਿਆ ਹੈ
ਪ੍ਰਕਿਰਤੀ ਅੱਗ ਦੀ ਭੇਟ ਚੜ੍ਹਾਈ ਹੈ
ਆਪਣੇ ਪੇਟ ਦੀ ਖਾਤਰ ਰੱਬ ਮੁੰਨਿਆ ਹੈ
ਜ਼ਿੰਦਗੀ ਨੂੰ ਖੁਆ ਕੇ ਗੋਲੀਆਂ ਨੀਂਦਰ ਦੀਆਂ
ਬੰਦੇ ਨੇ ਆਪਣੇ ਮੱਥੇ ਦੀ ਜੋਤ ਜਗਾਈ ਹੈ
ਧਰਤ ਦੇ ਚੱਪੇ ਚੱਪੇ 'ਚ ਨਫ਼ਰਤ ਉੱਗਾਈ ਹੈ
ਚੰਨਾਂ ਸੂਰਜਾਂ ਤਾਰਿਆਂ ਦੇ ਪਿੰਡੇ 'ਚ ਮੌਤ ਵਸਾਈ ਹੈ

–0–

ਧਰਤ ਨੂੰ ਸ਼ਮਸ਼ਾਨ ਬਣਾਂਦਾ ਜਾ ਰਿਹਾ ਹੈ ਆਦਮੀ
ਜ਼ਿੰਦਗੀ 'ਚ ਕਬਰਾਂ ਉੱਗਾਦਾਂ ਜਾ ਰਿਹਾ ਹੈ ਆਦਮੀ
ਅੱਜ ਸੁਰ ਮੌਤ ਹੈ ਸਾਜ ਮੌਤ ਹੈ
ਮੌਤ ਦਾ ਦੈਂਤ ਧਰਤ ਤੋਂ ਅੰਬਰ ਜਿੱਡਾ ਉਚੇਰਾ ਹੈ
ਮਨੁੱਖ ਦੀ ਮਾਨਸਿਕਤਾ 'ਚ ਇਸ ਦਾ ਡੇਰਾ ਹੈ

–0–

ਮੇਰੇ ਅੰਦਰਲੇ ਸੱਚ 'ਚ ਸੁੰਦਰਤਾ
ਜਦ ਸਾਹ ਲੈਂਦੀ ਹੈ
ਸੱਚ ਦੇ ਕੰਠ ਚੋਂ ਇਕ ਤਾਲ ਉੱਠਦਾ ਹੈ
ਸਾਗਰ ਦੀ ਹਿੱਕ ਚੋਂ
ਜਿਉਂ ਉਬਾਲ ਉੱਠਦਾ ਹੈ
ਮੇਰਾ ਸੱਚ ਧਰਤੀ ਤੇ ਵਿਛ ਜਾਂਦਾ ਹੈ
ਅੰਬਰ ਤੇ ਫੈਲ ਜਾਂਦਾ ਹੈਂ
ਕੁਦਰਤ ਦੇਂ ਸਿਰ ਚੜ੍ਹ ਬੋਲਦਾ ਹੈ
ਸਮੇਂ ਦੀ ਰਗ ਰਗ 'ਚ ਠਹਿਰਦਾ ਹੈ

ਨਜ਼ਰ ਦੇ ਦਿਸਹੱਦਿਆਂ ਤੋਂ
ਅਗੇਰੇ ਤਕ ਤੈਰਦਾ ਹੈ
ਢੱਕ ਲੈਂਦਾ ਹੈ ਬ੍ਰਹਿਮੰਡਾਂ ਅਕਾਸ਼ਾਂ
ਪਤਾਲਾਂ ਦੇ ਚਿਹਰੇ
ਆਪਣੀ ਬੂੰਦ ਦਾ ਸੱਚ
ਜਦ ਸੱਚੇ ਸਾਗਰ 'ਚ ਉਤਾਰਦਾ ਹੈ

-0-

ਬਾਹਰਲੀ ਦੁਨੀਆਂ 'ਚ
ਨਵਜੰਮੀਆਂ ਜ਼ਿੰਦਗੀਆਂ
ਕੂੜੇ ਦੇ ਢੇਰ ਤੇ ਪਈਆਂ ਹਨ
ਜਨਮ ਤੋਂ ਪਹਿਲਾਂ ਹੀ ਗੁਜ਼ਰ ਗਈਆਂ ਹਨ
ਮਨੁੱਖ ਦੇ ਸਿਰ ਤੇ ਭੁੱਖਾਂ ਦਾ ਪਹਿਰਾ ਹੈ
ਹਰਿਆਂ ਖੇਤਾਂ ਦੀ ਮਿੱਟੀ ਦੀ ਕੁੱਖ ਸਹਿਰਾ ਹੈ
ਕਣਕ ਦੇ ਖੇਤ ਭੁੱਖੇ ਹਨ
ਪਾਣੀ ਦੇ ਖੂਹ ਪਿਆਸੇ ਹਨ
ਜੰਗਲ ਪੱਤਝੜਾਂ ਦੇ ਹਵਾਲੇ ਹਨ
ਪਹਾੜ ਚੁੱਪ ਤੇ ਉਦਾਸ ਹਨ
ਸਾਗਰਾਂ ਦੇ ਸਾਗਰ ਪਿਆਸੇ ਹਨ
ਭੁੱਖਮਰੀ ਗ਼ਰੀਬੀ ਬਿਮਾਰੀ ਤੇ ਬੇਰੁਜ਼ਗਾਰੀ
ਦੇ ਮੌਸਮ ਬਹਾਰਾਂ ਹਨ
ਅੰਬਰ ਦੀ ਦਰਗਾਹ 'ਚ
ਧਰਤੀ ਦਾ ਚੀਰਹਰਨ ਹੋਇਆ ਹੈ
ਮਾਨਵਤਾ ਦੇ ਮੂੰਹ ਤੇ ਉੱਗੀਆਂ ਉਜਾੜਾਂ ਹਨ

-0-

ਮਨੁੱਖ ਨੇ
ਧਰਤੀ ਦੇ ਅੰਗ-ਅੰਗ 'ਚ ਬਰੂਦ ਢੋਹਿਆ ਹੈ
ਧਰਤੀ ਦੇ ਪਿੰਡੇ ਤੇ ਥੋਹ ਉੱਗਾਏ ਹਨ
ਪੰਛੀ ਲੋਹੇ ਦੇ ਮਨੁੱਖ ਨੇ ਅੰਬਰ 'ਚ ਉਡਾਏ ਹਨ
ਜੋ ਧਰਤੀ ਦੇ ਲਹੂ ਦੇ ਤਿਹਾਏ ਹਨ
ਧਰਤੀ ਦੀ ਰੱਤ ਪੀਤੀ ਹੈ ਕੁੱਖ ਬੰਜਰ ਕੀਤੀ ਹੈ
ਧਰਤੀ ਦਾ ਜਿਸਮ ਛ਼ਾਲਾ ਛਾਲਾ ਕੀਤਾ ਹੈ

ਧਰਤੀ ਦੀ ਹਿੱਕ ਤੇ
ਪਿਘਲੇ ਲੋਹੇ ਦੇ ਦਰਿਆ ਵਗਾਏ ਹਨ

-0-

ਧਰਤ ਮਨੁੱਖ ਪਾਲਦੀ ਪੋਸਦੀ ਪੈਰਾਂ ਤੇ ਖੜਾ ਕਰਦੀ ਹੈ
ਤੁਰਨਾ ਸਿਖਾਉਂਦੀ ਹੈ
ਧਰਤ ਮਰਨ ਪਿੱਛੋਂ ਵੀ
ਮਨੁੱਖ ਨੂੰ ਆਪਣੀ ਗੋਦ 'ਚ ਸੁਆਂਦੀ ਹੈ
ਧਰਤ ਦਾ ਲੂਹ ਕੇ ਪਿੰਡਾ
ਮਨੁੱਖ ਨੇ ਜੋ ਧਰਤ ਦੇ ਕਰਜ ਚੁਕਾਏ ਹਨ
ਉਹ ਦਾਗ਼ ਬਣਕੇ ਕਬਰਾਂ
ਮਨੁੱਖ ਦੇ ਪਿੰਡੇ 'ਚ ਉੱਗ ਆਏ ਹਨ

-0-

ਮਨੁੱਖ ਧਰਤੀ ਤੇ ਮਨੁੱਖਤਾ ਦਾ ਵੈਰੀ ਹੋ ਗਿਆ ਹੈ
ਆਪਣੀ ਤਾਕਤ 'ਚ ਇਨ੍ਹਾਂ ਗੁੰਮ ਗਿਆ ਹੈ
ਕਿ ਪਾਗਲ ਤੇ ਜ਼ਹਿਰੀ ਹੋ ਗਿਆ ਹੈ
ਮਾਂ ਦੇ ਸੀਨੇ 'ਚ ਬਰੂਦ ਢਾਲਿਆ ਹੈ
ਮਾਂ ਦਾ ਪਿੰਡਾ ਬਰੂਦ 'ਚ ਉਬਾਲਿਆ ਹੈ
ਧਰਤੀ ਦੇ ਚੀਰਹਰਨ ਤੇ
ਨਾ ਕਿਸੇ ਸੂਰਜ ਜੁਬਾਂ ਖੋਲ੍ਹੀ
ਨਾ ਚੰਨਾਂ ਤਾਰਿਆਂ ਦੀ ਅੱਖ ਹੀ ਰੋਈ
ਨਾ ਕਿਸੇ ਕ੍ਰਿਸ਼ਨ ਨੇ ਧਰਤੀ ਦਾ ਨੰਗੇਜ਼
ਹੀ ਢੱਕਿਆ
ਨਾ ਸਮੇਂ ਨੇ ਬੁੱਲ੍ਹ ਹੀ ਟੇਰੇ ਨਾ ਕੋਈ ਰੁੱਤ ਹੀ ਰੋਈ
ਇਹ ਕੌਰਵਾਂ ਦਾ ਅਕਾਸ਼ ਹੈ
ਧਰਤ ਤੇ ਕਬਰਾਂ 'ਚ ਸੁੱਤੇ ਪਾਂਡਵਾਂ ਦਾ ਵਾਸ ਹੈ

-0-

ਅੰਦਰਲਾ ਸੱਚ ਹੀ ਸਾਗਰ ਤੇ ਤੁਰਦਾ ਹੈ
ਅੰਬਰ 'ਚ ਜਿਉਂਦਾ ਹੈ ਧਰਤੀ 'ਚ ਮਹਿਕਦਾ ਹੈ
ਮਨੁੱਖ 'ਚ ਵਸਦਾ ਹੈ ਮਨੁੱਖਤਾ 'ਚ ਫੈਲਦਾ ਹੈ

ਰੁੱਖਾਂ ਦੀ ਜੜ੍ਹ ਤੋਂ ਪੱਤੇ ਪੱਤੇ
ਦੀ ਜ਼ੁਬਾਨ ਤੇ ਬੈਠਾ ਹੈ
ਹਵਾ ਦੇ ਵੇਗ 'ਚ ਸੂਰਜਾਂ ਦੇ ਤੇਜ਼ 'ਚ ਬੈਠਾ ਹੈ
ਸਹਿਰਾਂ 'ਚ ਵਸਦਾ ਹੈ ਸਾਗਰਾਂ 'ਚ ਬੈਠਾ ਹੈ
ਜੀਵਨ ਗਤੀ 'ਚ ਜਿਉਂਦਾ ਹੈ
ਮੌਤ ਦਾ ਵਾਜੂਦ ਹੈ ਮੌਤ ਦੀ ਜ਼ਬਾਨ ਤੇ ਬੈਠਾ ਹੈ

-0-

ਮਨੁੱਖ ਨੇ ਅੰਬਰ ਤੋਂ ਬਰਸਾਏ ਬਰੂਦ ਸੰਗ
ਜੰਗਲ ਰਾਖ਼ ਪਹਾੜ ਉਧੇੜੇ ਤੇ ਸਾਗਰ ਸੁੱਕਾਏ ਹਨ
ਧਰਤੀ ਲੂਹੀ ਹੈ
ਧਰਤ ਤੇ ਬਸਤਰ ਉਤਾਰੇ ਹਨ
ਮਨੁੱਖ਼ਤਾ ਕਤਲ ਕੀਤੀ ਹੈ
ਅਨਾਜ ਦੇ ਖੇਤ ਸਾੜੇ ਹਨ
ਮਾਨਵਤਾ ਦੇ ਢਿੱਡ 'ਚ ਬੀਜੀ ਬਿਮਾਰੀ ਹੈ
ਇਹ ਦਾਗ਼ ਹਨ ਮਨੁੱਖਤਾ ਦੇ ਚਿਹਰੇ ਦੇ
ਜੋ ਮਨੁੱਖ ਨੇ ਚੰਨਾਂ ਤਾਰਿਆਂ ਸੂਰਜਾਂ ਦੇ
ਆਪਣੇ ਸਿਰ ਮੁਕਟ ਸਜਾਏ ਹਨ

-0-

ਵਿਗਿਆਨੀ ਮਨੁੱਖ ਨੇ
ਧਰਤੀ ਤੇ ਮਨੁੱਖਤਾ ਦੇ ਦੀਵੇ ਬੁੱਝਾਏ ਹਨ
ਧਰਤੀ ਦੀ ਕੁੱਖ ਚੋਂ ਲਾਸ਼ਾਂ ਉੱਗਾਈਆਂ ਹਨ
ਜ਼ਿੰਦਗੀ ਦੇ ਪੈਰੀਂ ਸਮਸ਼ਾਨ ਬਿਠਾਏ ਹਨ
ਕੋਹਜ ਵਹਿਸ਼ਤ ਤੇ ਦਰਿੰਦਗੀ ਦੀ ਫ਼ਸਲ ਬੀਜੀ ਹੈ
ਅੱਗ ਦੇ ਦਰਿਆ ਤੇ ਜੰਗਲ
ਜ਼ਿੰਦਗੀ 'ਚ ਉੱਗਾਏ ਹਨ

ਭੁੱਖੇ ਪਸ਼ੂ ਪਕਸ਼ੀ ਤੇ ਮਨੁੱਖਤਾ ਦੀ ਨਸਲ
ਭੁੱਖੇ ਦਰਿਆ ਤੇ ਸਾਗਰ
ਭੁੱਖੀ ਹਰਿਆਵਲ ਕੁਦਰਤ ਦੀ
ਭੁੱਖੇ ਜੰਗਲ ਰੁੱਖਾਂ ਦੇ
ਮਨੁੱਖ ਨੇ ਬੀਜ ਦਿੱਤਾ ਨਰਕ ਧਰਤੀ ਤੇ
ਉੱਗਾਏ ਸ਼ਮਸ਼ਾਨ ਦੁੱਖਾਂ ਦੇ

-0-

ਮਨੁੱਖ ਮਨੁੱਖ ਲਈ
ਆਪਣੇ ਵਿਸਥਾਰ ਤੱਕ ਬੀਜਦਾ ਅੱਗਾਂ ਗਿਆ
ਆਪਣੇ ਢਿੱਡ ਦੇ ਇਨਾਂ ਨੇੜੇ ਹੋ ਗਿਆ
ਕੁਦਰਤ ਤੇ ਕੁਦਰਤੀ ਮੌਸਮਾਂ ਨੂੰ ਸੁੱਕਾਉਂਦਾ ਗਿਆ
ਆਪਣੀ ਅਜ਼ਾਦ ਹਸਤੀ ਸਿਜਰਣ ਲਈ
ਮਨੁੱਖੀ ਨਸਲ ਨੂੰ ਖਾਂਦਾ ਗਿਆ
ਸੁਰ ਸਾਜ ਅਲਾਪ ਤੇ ਰਾਗ ਭੁੱਲ ਗਿਆ
ਸ਼ੋਰਾਂ ਦਾ ਸ਼ੋਰ ਬੀਜਦਾ ਉਗਾਂਦਾ ਗਿਆ
ਜਲ ਚੋਂ ਜਲ ਦਾ ਰੱਸ ਸੁੱਕਾ ਦਿੱਤਾ
ਹਵਾ ਦਾ ਵੇਗ ਸੁੱਕਣੇ ਪਾ ਦਿੱਤਾ
ਅੱਗਣ ਦਾ ਤੇਜ਼ ਠਾਰਿਆ
ਧਰਤ ਦੀ ਸੁੰਗਧ 'ਚ
ਲਹੂ ਮਾਸ ਦੀ ਗੰਧ ਨੂੰ ਉਤਾਰਿਆ
ਅੰਬਰ ਤੇ ਜਾ ਕੇ ਬਹਿ ਗਿਆ
ਧਰਤ 'ਚ ਆਪਣੀ ਜੜ੍ਹ ਭੁੱਲ ਗਿਆ
ਅੰਬਰ ਦਾ ਹੋ ਕੇ ਰਹਿ ਗਿਆ
ਚੰਨਾਂ ਸੂਰਜਾਂ ਤਾਰਿਆਂ ਦੀ ਰੌਸ਼ਨੀ ਤੇ ਡੁੱਲ੍ਹ ਗਿਆ
ਰੌਸ਼ਨੀ ਪੇਟ ਭਰ ਸਕਦੀ ਨਹੀਂ ਅੰਨ ਉੱਗਾ ਸਕਦੀ ਨਹੀਂ
ਅੰਬਰ 'ਚ ਵਸਦੇ ਮਨੁੱਖ ਦੀ ਭੁੱਖ ਮਿਟਾ ਸਕਦੀ ਨਹੀਂ

-0-

ਅੰਦਰਲਾ ਸੱਚ ਬਾਹਰਲੇ ਸੱਚ ਦਾ ਅਕਸ ਨਹੀਂ
ਅੰਦਰਲਾ ਸੱਚ ਬਾਹਰਲੇ ਸੱਚ ਦਾ ਵਸੇਬਾ ਨਹੀਂ
ਅੰਦਰਲਾ ਸੱਚ ਬਾਹਰਲੇ ਸੱਚ ਦਾ ਮੂਲ ਨਹੀਂ
ਬਾਹਰਲਾ ਸੱਚ
ਪ੍ਰਕਿਰਤੀ ਦਾ ਸੱਚ ਨਹੀਂ ਕਰਤੇ ਦਾ ਅਸੂਲ ਨਹੀਂ

-0-

ਸੱਚ ਅੰਦਰਲਾ ਜਾਂ ਬਾਹਰਲਾ ਹੈ
ਸੱਚ ਤਾਂ ਸਚ ਹੈ ਆਖਿਰ
ਸੱਚ ਤੋਂ ਦੌੜਣਾ ਆਪਣੀ ਜ਼ਮੀਰ ਦਾ ਕਤਲ ਕਰਨਾ ਹੈ
ਆਪਣੀ ਤਲੀ ਤੇ ਜਿਉਂਦੀ ਮੌਤ ਧਰਨਾ ਹੈ
ਸੋਚਦਾ ਹਾਂ
ਆਪਣੀ ਅੰਦਰਲੀ ਦੁਨੀਆਂ
ਬਾਹਰ ਕਿਉਂ ਉੱਗਾ ਨਹੀਂ ਲੈਂਦਾ
ਸੱਚ ਤੋਂ ਦੌੜਣ ਦਾ ਭਰਮ ਕਿਉਂ ਮਿਟਾ ਨਹੀਂ ਲੈਂਦਾ
ਸੱਚ ਦੀ ਕੁੱਖ ਹੀ ਤਾਂ ਕੂੜ ਹੈ
ਕੂੜ ਆਪਣੀ ਦੇਹ ਦੇ ਸੱਚ ਤੋਂ ਦੂਰ ਹੈ
ਸੱਚ ਹਮੇਸ਼ਾ ਕੂੜ ਦੇ ਹਜ਼ੂਰ ਹੈ
ਇਸ ਬਾਹਰਲੇ ਕੂੜ 'ਚ ਤੇਰਾ ਸੱਚ ਘੁਲ ਜਾਏਗਾ
ਕੂੜ ਆਪਣਾ ਵਜ਼ੂਦ ਭੁੱਲ ਜਾਏਗਾ
ਤੇਰੇ ਸੱਚ ਦੀ ਹੋਂਦ ਬਣਕੇ ਉੱਗ ਆਏਗਾ

-0-

ਆਪਣਾ ਅੰਦਰ
ਆਪਣੇ
ਦੁਆਲੇ ਉਤਾਰ
ਆਪਣਾ ਦੁਆਲਾ
ਆਪਣੀ ਅੰਦਰਲੀ ਪ੍ਰਯੋਗਸ਼ਾਲਾ 'ਚ ਢਾਲ ਲੈ
ਕੂੜ ਚੋਂ ਸੱਚ ਉਸਾਰ ਲੈ
ਆਪਣਾ ਆਪਾ ਤੇ ਦੁਨੀਆ ਸੁਆਰ ਹੈ

0 0 0

# ਵਿਗਿਆਨ ਤੇ ਦਰਸ਼ਨ

ਮੇਰੇ ਵਿਚਲਾ
ਵਿਗਿਆਨੀ ਬੜਾ ਗਿਆਨਵਾਨ ਹੈ
ਬੜਾ ਰੌਸ਼ਨ ਦਿਮਾਗ ਹੈ
ਚੰਨਾਂ ਸੂਰਜਾਂ ਤਾਰਿਆਂ ਬ੍ਰਹਿਮੰਡਾਂ
ਅਕਾਸ਼ਾਂ ਧਰਤੀਆਂ ਪਤਾਲਾਂ ਤੇ ਪ੍ਰਕਿਰਤੀਆਂ ਦਾ
ਉਸ ਨੂੰ ਹਿਸਾਬ ਹੈ

–0–

ਪੱਥਰ ਯੁੱਗ ਤੋਂ ਕੰਪਿਉਟਰ ਯੁੱਗ ਤਕ
ਉਸ ਸਫ਼ਰ ਕੀਤਾ ਹੈ
ਚੱਪਾ ਚੱਪਾ ਧਰਤੀ
ਪੋਟਾ ਪੋਟਾ ਅਸਮਾਨ ਗਾਹਿਆ ਹੈ
ਚੰਦਰਮਾ ਚੀਰ ਕੇ
ਉਸ ਦੇ ਦਿਲ ਦੀ ਧੜਕਣ ਸੁਣੀ
ਵੇਖੀ ਤੇ ਪਹਿਚਾਣੀ ਹੈ
ਕਈਆਂ ਉਪਗ੍ਰਹਿਾਂ ਦੇ ਵਜੂਦ ਤੋਂ
ਉਨ੍ਹਾਂ ਦੇ ਜਿਸਮ ਉਤਾਰੇ ਹਨ
ਕਈਆਂ ਬ੍ਰਹਿਮੰਡਾਂ ਦੀਆਂ ਅੱਖਾਂ 'ਚ ਝਾਕਿਆ ਹੈ
ਕਈ ਸਾਗਰ ਚੂਲੀ ਚੂਲੀ ਕਰਕੇ ਪੀਤੇ ਹਨ
ਕਈ ਪ੍ਰਕਿਰਤੀਆਂ ਕੈਪਸੂਲਾਂ 'ਚ ਉਤਾਰੀਆਂ ਹਨ
ਪਾਣੀ ਤੋਂ ਪਾਣੀ ਦੀ ਦੇਹ ਨਿਖੇੜੀ ਹੈ
ਵਿਗਿਆਨਕ ਮਨੁੱਖ ਨੇ ਇਕ ਦੁਨੀਆਂ
ਉਸਾਰੀ ਹੈ
ਇਕ ਦੁਨੀਆਂ ਉਧੇੜੀ ਹੈ

–0–

ਪੱਥਰ ਚੋਂ ਸ਼ੀਸ਼ੇ ਦੇ ਸ਼ਹਿਰ ਉੱਗਾਏ ਹਨ
ਪ੍ਰਕਿਰਤੀ ਜੜ੍ਹਾਂ ਤੋਂ ਸੁਕਾਈ ਹੈ
ਸਮੁੰਦਰ ਕੈਪਸੂਲਾਂ 'ਚ ਬੰਦ ਕੀਤੇ ਹਨ
ਸੀਮੈਂਟ ਦਿਆਂ ਗ਼ਮਲਿਆਂ 'ਚ
ਜੰਗਲ ਉੱਗਾਏ ਹਨ

ਘਰਾਂ ਦੀਆਂ ਕੰਧਾਂ ਤੇ
ਪ੍ਰਕਿਰਤੀ ਸਿਰਜੀ ਹੈ
ਸਾਗਰ ਵਿਚਲਾ ਜੀਵਨ
ਸ਼ੀਸ਼ੇ ਦੇ ਡੱਬਿਆਂ 'ਚ ਬੰਦ ਕੀਤਾ ਹੈ
ਬਿਨ ਬੱਚੇਦਾਨੀ ਜੀਵਨ ਸਿਰਜਿਆ ਹੈ
ਪੌਣਾਂ ਦੇ ਵੇਗ ਚੋਂ
ਸੁਰ ਰਾਗ ਸ਼ਬਦ ਅਰਥ ਉੱਗਾਏ ਹਨ

-0-

ਅਸਮਾਨ ਦੀ ਬੰਨ੍ਹ ਕੇ ਬੁੱਚਕੀ
ਧਰਤੀ ਜੇਬਾਂ 'ਚ ਪਾਈ ਹੈ
ਅੰਬਰ ਤੇ ਦੁਨੀਆਂ ਵਸਾਈ ਹੈ
ਤਕਰੀਬਨ ਤਕਰੀਬਨ ਆਦਮੀ ਵੀ
ਸਿਰਜ ਲਿਆ ਹੈ ਮਨੁੱਖ ਨੇ
ਬਨਾਸਪਤੀ
ਅਕਾਸ਼ ਛੋਹਦੀਆਂ ਬਿਲਡਿੰਗਾਂ
ਦੀਆਂ ਛੱਤਾਂ ਤੇ ਉੱਗਾਈ ਹੈ
ਪੱਥਰ ਚੋਂ ਪਾਣੀ ਦੇ ਚਸ਼ਮੇ ਵਗਾਏ ਹਨ
ਅੱਜੋਕੇ ਮਨੁੱਖ ਨੇ ਹਵਾ ਨੂੰ
ਮੁੱਠਾਂ 'ਚ ਫੜਿਆ ਹੈ
ਪਹਾੜ ਤਲੀਆਂ ਤੇ ਉਠਾਏ ਹਨ
ਹਵਾ ਅਸਮਾਨ ਧਰਤੀ ਵੰਡੀ ਹੈ
ਅੱਗਣ ਵੰਡੀ ਹੈ ਜਲ ਵੰਡਿਆ ਹੈ
ਸਾਗਰ ਵੰਡੇ ਹਨ ਪਹਾੜ ਵੰਡੇ ਹਨ
ਮਨੁੱਖ ਨੇ ਆਪਣਾ ਕਰਤਾਰ ਵੰਡਿਆ ਹੈ

-0-

ਆਪਣੇ ਆਪ 'ਚ ਇਨ੍ਹਾਂ ਤਕਸੀਮਿਆਂ
ਗਿਆ ਹੈ ਮਨੁੱਖ
ਕਿ ਅਸਮਾਨ 'ਚ ਇਨ੍ਹੇ ਤਾਰੇ ਵੀ ਨਹੀਂ ਹਨ
ਅਰਬ ਦੇ ਸਾਹਿਰਾਂ 'ਚ ਇਨ੍ਹੇ ਜ਼ੱਰੇ ਵੀ ਨਹੀਂ ਹਨ
ਅੱਗਣ ਦੀ ਕੁੱਖ 'ਚ ਏਨੇ ਸ਼ੌਰੇ ਵੀ ਨਹੀਂ ਹਨ
ਸਾਗਰ 'ਚ ਇਨੀਆਂ ਬੂੰਦਾਂ ਨਹੀਂ ਹਨ
ਇਨੀਆਂ ਕਣੀਆਂ ਸੰਗ
ਬੱਦਲ ਧਰਤੀ ਤੇ ਵਰ੍ਹੇ ਵੀ ਨਹੀਂ ਹਨ

-0-

ਮੇਰਾ ਅੰਦਰਲਾ ਵਿਗਿਆਨੀ
ਗਿਆਨਵਾਨ ਤਾਂ ਹੋ ਗਿਆ ਹੈ
ਪਰ ਸਿਆਣਾ ਨਹੀਂ ਹੋਇਆ
ਵਿਗਿਆਨ ਗਿਆਨ ਦਾ ਸੋਮਾ ਹੈ
ਸਿਆਣਪ ਦਾ ਸਾਗਰ ਨਹੀਂ
ਗਿਆਨ ਰੌਸ਼ਨੀ ਹੈ
ਰੌਸ਼ਨੀ 'ਚ ਸਿਆਣਪ ਦੀ ਸੋਧ ਉਜਾਗਰ ਨਹੀਂ

-0-

ਅੰਦਰਲਾ ਵਿਗਿਆਨੀ
ਅੱਜ ਵੀ ਅੰਦਰਲੇ ਦਾਰਸ਼ਨਿਕ ਨਾਲ
ਪਿੱਠ ਜੋੜ ਕੇ ਬੈਠਾ ਹੈ
ਮੂੰਹ ਮੋੜ ਕੇ ਬੈਠਾ ਹੈ
ਮੇਰੇ ਅੰਦਰਲੇ ਦਾਰਸ਼ਨਿਕ ਦੇ ਜੇ
ਰੂ-ਬ-ਰੂ ਹੁੰਦਾ
ਤਾਂ ਜਾਣਦਾ ਗਿਆਨ
ਸਿਆਣਪ ਬਿਨ ਅਧੂਰਾ ਹੈ
ਗਿਆਨ ਦੀ ਵਰਤੋਂ ਸਿਆਣਪ ਬਿਨ
ਹਨ੍ਹੇਰੇ ਵੱਲ ਲੈ ਜਾਂਦੀ ਹੈ
ਉੱਲਟੇ ਰਾਹ ਪਾਂਦੀ ਹੈ
ਉੱਲਟ ਦਿਸ਼ਾਵਾਂ 'ਚ ਗੁਆ ਦਿੰਦੀ ਹੈ
ਜ਼ਿੰਦਗੀ ਦੇ ਉੱਲਟ
ਤੇ ਮਾਨਵਤਾ ਦੀ ਵਿਰੋਧੀ ਹੋ ਜਾਂਦੀ ਹੈ
ਆਪਣੇ ਲਈ ਹਨੇਰਾ ਕਰ ਜਾਂਦੀ ਹੈ
ਗਿਆਨ ਲਈ ਹਨੇਰਾ ਹੋ ਜਾਂਦੀ ਹੈ
ਗਿਆਨ ਸੰਗ ਸਿਆਣਪ ਹੈ
ਤਾਂ ਗਿਆਨ ਪਾਵਨ ਹੈ
ਸਿਆਣਪ ਬਿਨ ਗਿਆਨ ਗਿਆਨ ਹੈ
ਪਰ ਰਾਵਣ ਹੈ

-0-

ਏਨਾ ਗਿਆਨਵਾਨ ਹੋ ਕੇ ਵੀ
ਮਨੁੱਖ ਆਪਣੇ ਆਪ ਨੂੰ ਜਾਣ ਨਹੀਂ ਸਕਿਆ
ਮਨੁੱਖਤਾ ਦੇ ਸਾਗਰ ਚੋਂ
ਆਪਣਾ ਚਿਹਰਾ ਪਹਿਚਾਣ ਨਹੀਂ ਸਕਿਆ
ਆਪਣੇ ਦੁਆਲੇ ਵਿਚਰਦੀ ਮਨੁੱਖਤਾ 'ਚ
ਵਿਚਰਨਾ ਸਿੱਖ ਨਹੀਂ ਸਕਿਆ
ਗਿਆਨ ਨਾਲ ਭਰ ਗਿਆ ਹੈ
ਪਰ ਸਿਆਣਾ ਹੋ ਨਹੀਂ ਸਕਿਆ
ਮਨੁੱਖ ਹੋ ਕੇ ਮਨੁੱਖ
ਮਨੁੱਖ ਦਾ ਨਹੀਂ ਹੋਇਆ
ਆਪਣੇ ਦੁਆਲੇ ਆਪਣਾ ਚਿਹਰਾ
ਬੀਜ ਨਹੀਂ ਸਕਿਆ ਉੱਗਾ ਨਹੀਂ ਸਕਿਆ
ਆਪਣੇ ਵਿਹੜੇ ਸੂਰਜਾਂ ਦੇ ਕਾਫ਼ਲੇ ਉਤਾਰੇ ਹਨ
ਕੰਧ ਉਹਲੇ ਦਾ ਹਨ੍ਹੇਰਾ ਕਰ ਲੋਅ ਨਹੀਂ ਸਕਿਆ

-0-

ਮਨੁੱਖ ਆਪਣੇ ਗਿਆਨ 'ਚ ਇਨਾਂ ਗੁਆਚ ਗਿਆ ਹੈ
ਕਿ ਮੁੜ ਆਪਣਾ ਹੋ ਨਹੀਂ ਸਕਿਆ
ਆਪਣੇ ਰੂ-ਬ-ਰੂ ਬਹਿ ਨਹੀਂ ਸਕਿਆ
ਆਪਣੇ ਸਾਵੇਂ ਖਲੋ ਨਹੀਂ ਸਕਿਆ
ਰੂ-ਬ-ਰੂ ਹੁੰਦਾ ਤਾਂ ਆਪਣੇ ਵਿਚਲੇ
ਦਾਰਸ਼ਨਿਕ ਚਿਹਰੇ ਨੂੰ ਵੇਖਦਾ
ਕੁਦਰਤ ਉਧੇੜਦਾ
ਲਹੂ ਦਾ ਰੰਗ ਪਚਿਾਣਦਾ
ਖੋਲ੍ਹਦਾ ਇਕ ਇਕ ਪਰਤ ਆਪਣੇ ਆਪ ਦੀ
ਆਪਣੇ ਦੁਆਲੇ ਦੀ ਕਾਇਨਾਤ ਸਮਝਦਾ
ਆਪਣੇ ਗਿਆਨ ਚੋਂ ਸਿਆਣਪ ਜਨਮਦਾ
ਹਨ੍ਹੇਰਿਆਂ 'ਚ ਗਿਆਨ ਦੇ ਸੂਰਜ ਉਤਾਰਦਾ

-0-

ਖ਼ੁਦ ਹਨ੍ਹੇਰੇ 'ਚ ਮਨੁੱਖ ਚਾਨਣ ਵੰਡਦਾ ਹੈ
ਆਪਣੇ ਆਪ ਤੋਂ ਅਗਿਆਨ ਹੈ
ਗਿਆਨ ਜਨਮਦਾ ਹੈ
ਜਨਮਿਆਂ ਗਿਆਨ
ਨਾ ਆਪਣੇ ਹਨ੍ਹੇਰੇ 'ਚ ਉਤਾਰਦਾ ਹੈ
ਨਾ ਜ਼ਿੰਦਗੀ ਦੀ ਉਸਾਰੀ 'ਚ ਢਾਲਦਾ ਹੈ
ਸਗੋਂ ਆਪਣੀ ਹਸਤੀ ਤੇ ਪੇਟ ਦੀ ਖ਼ਾਤਿਰ
ਗਿਆਨ ਸ਼ਕਤੀ ਦਾ ਪ੍ਰਯੋਗ ਕਰਦਾ ਹੈ
ਦੂਜੇ ਦੇ ਹੱਕ ਖੋਂਹਦਾ ਹੈ
ਉਲਟਾ ਇਲਜ਼ਾਮ ਧਰਦਾ ਹੈ
ਹਰੇ ਭਰੇ ਖੇਤਾਂ ਨੂੰ ਰਾਖ ਕਰਦਾ ਹੈ
ਕੁਦਰਤੀ ਸੋਮਿਆਂ 'ਚ ਜ਼ਹਿਰ ਧਰਦਾ ਹੈ
ਇਕ ਆਪਣੀ ਫਤਹਿ ਦੀ ਖਾਤਿਰ
ਮਨੁੱਖਤਾ ਦਾ ਕਤਲ ਕਰਦਾ ਹੈ
ਆਪਣੇ ਅੰਦਰ ਦਾ ਹਨੇਰਾ ਗਿਆਨ ਸ਼ਕਤੀ ਰਾਹੀਂ
ਦੂਜਿਆਂ ਦੇ ਘਰਾਂ 'ਚ ਧਰਦਾ ਹੈ
ਗੁਲਸ਼ਨ ਤੇ ਸ਼ੇਰਗਾਹਾਂ ਸਾੜਦਾ ਹੈ
ਸਾਗਰ ਬਰੂਦ ਦੀ ਅੱਗ 'ਚ ਉਬਾਲਦਾ ਹੈ

-0-

ਗਿਆਨ ਸ਼ਕਤੀ ਨੂੰ
ਆਪਣੇ ਅੰਦਰਲੇ ਹਨੇਰੇ ਦੀ ਸੇਧ 'ਚ ਤੋਰਦਾ ਹੈ
ਜ਼ਿੰਦਗੀ ਦੀਆਂ ਖੁਸ਼ੀਆਂ ਰੌਣਕਾਂ ਖੁਸ਼ਬੂਆਂ
ਮੌਸਮਾਂ ਬਹਾਰਾਂ ਨੂੰ
ਮੌਤ ਦੇ ਪੈਰਾਂ 'ਚ ਰੋਲਦਾ ਹੈ
ਗਿਆਨ ਸ਼ਕਤੀ ਰਾਹੀਂ ਗਿਆਨ ਨਹੀਂ
ਆਪਣਾ ਹਨੇਰਾ ਫੈਲਾਂਦਾ ਜਾ ਰਿਹਾ ਹੈ ਆਦਮੀ
ਆਪਣੇ ਆਪ ਨੂੰ
ਤੇ ਮਨੁੱਖਤਾ ਨੂੰ ਮੌਤ ਦੇ ਮੂੰਹ ਵੱਲ ਲਿਜਾ ਰਿਹਾ ਹੈ ਆਦਮੀ

-0-

ਆਪਣੇ ਅੰਦਰਲੇ ਚਾਨਣ ਨੂੰ ਜਾਣਦਾ
ਤਾਂ ਆਪਣਾ ਆਪ ਪਹਿਚਾਣਦਾ
ਖ਼ਲਕਤ ਦੇ ਰੂਪ 'ਚ ਉਤਰਦਾ
ਆਪਣਾ ਚਾਨਣ ਗਿਆਨ ਸ਼ਕਤੀ ਰਾਹੀਂ
ਦੁਨੀਆਂ 'ਚ ਪਸਾਰਦਾ
ਜ਼ਿੰਦਗੀ ਲਈ ਨਵੀਂ ਧਰਤੀ
ਨਵਾਂ ਅੰਬਰ ਉਸਾਰਦਾ

-0-

ਆਪਣੀ ਹੋਂਦ ਤੋਂ ਅਗਿਆਨ ਤੇ ਅਣਜਾਣ
ਮਨੁੱਖ ਹੱਥ ਆਈ ਸ਼ਕਤੀ
ਹਮੇਸ਼ਾ ਵਹਿਸ਼ਤ ਦਰਿੰਦਗੀ ਤੇ ਮੌਤ ਉਸਾਰਦੀ ਹੈ
ਧਰਤੀ ਦੀ ਕੁੱਖ 'ਚ ਅੱਗਾਂ ਉਤਾਰਦੀ ਹੈ
ਮਜ਼ਲੂਮ ਔਰਤਾਂ ਤੇ ਬੇਗੁਨਾਹ ਲੋਕਾਂ ਨੂੰ
ਸੂਲੀ ਤੇ ਚਾੜ੍ਹਦੀ ਹੈ
ਆਪਣੀ ਹਾਉਮੈ ਦਾ ਖਰੂਦ
ਘੁੱਗ ਵਸਦੇ ਘਰਾਂ 'ਚ ਉਤਾਰਦੀ ਹੈ
ਦਰਿਆਵਾਂ ਨਦੀਆਂ ਸਾਗਰਾਂ 'ਚ
ਜ਼ਹਿਰ ਘੋਲਦੀ ਹੈ
ਧਰਤੀ ਸ਼ਮਸ਼ਾਨ ਹੋ ਜਾਂਦੀ ਹੈ
ਕਬਰਾਂ ਦਾ ਬਲਦਾ ਅਸਮਾਨ ਹੋ ਜਾਂਦੀ ਹੈ

-0-

ਜੇ ਅੰਦਰਲੇ ਦਾਰਸ਼ਨਿਕ ਚਿਹਰੇ ਨੂੰ ਪਹਿਚਾਣਦਾ
ਉਸਦੀ ਸਿਆਣਪ ਤੇ ਆਪਣੇ ਗਿਆਨ ਦਾ ਸੱਚ ਜਾਣਦਾ
ਆਪਾ ਉਧੇੜਦਾ ਫਰੋਲਦਾ
ਆਪਣੇ ਚੋਂ ਸੱਚ ਦਾ ਅੰਸ਼ ਟੋਲਦਾ
ਆਪਣੇ ਆਪ ਨੂੰ ਕੁਦਰਤ ਕਾਦਰ ਦੀ
ਇਕਾਈ ਨਾਲ ਜੋੜਦਾ
ਸੱਚ ਸੁੰਦਰਤਾ ਦਾ ਅਹਿਸਾਸ ਹੁੰਦਾ
ਦੇਹ ਤੇ ਜੀਵਨ ਸੋਮੇ ਦਾ ਗਿਆਨ ਹੁੰਦਾ

ਗਿਆਨ ਤੇ ਸਿਆਣਪ ਦਾ ਚਸ਼ਮਾ ਦੇਹ ਚੋਂ ਫੁੱਟਦਾ
ਹਰਿਆਵਲੀ ਧਰਤ ਪੈਰਾਂ 'ਚ
ਸਿਰ ਤੇ ਚੰਨਾਂ ਸੂਰਜਾਂ ਤਾਰਿਆਂ ਦਾ
ਜਗਦਾ ਅਸਮਾਨ ਹੁੰਦਾ
ਇਨਸਾਨ ਇਨਸਾਨ ਹੁੰਦਾ
ਰੂ-ਬ-ਰੂ ਜੋ ਇਨਸਾਨ ਦੇ ਇਨਸਾਨ ਹੁੰਦਾ

-0-

ਪਦਾਰਥਕ ਜਗਤ ਦਾ ਹੋਣ ਤੋਂ ਪਹਿਲਾਂ
ਚੰਗਾ ਸੀ ਮਨੁੱਖ ਜੇ ਮਨੁੱਖ ਹੁੰਦਾ
ਧੋਂਦਾ ਜ਼ਿੰਦਗੀ ਦੇ ਅੰਗਾਂ ਨਕਸ਼ਾਂ ਤੇ ਵਜੂਦ ਨੂੰ
ਧਰਤੀ ਵਿਹੜੇ ਰੌਣਕਾਂ ਮੌਸਮ ਬਹਾਰਾਂ ਉਤਾਰਦਾ
ਸਿਰਜਦਾ ਨਵਾਂ ਅੰਬਰ ਨਵੀਂ ਧਰਤੀ ਜੀਵਨ ਲਈ
ਧਰਤ ਤੋਂ ਅਕਾਸ਼ ਤਕ ਹੋਂਦ ਸੂਰਜਾਂ ਦੀ ਉਸਾਰਦਾ

-0-

ਮੇਰੇ ਵਿਚਲਾ ਵਿਗਿਆਨੀ
ਬੜਾ ਹੀ ਗਿਆਨਵਾਨ ਹੈ ਬੜਾ ਰੌਸ਼ਨ ਦਿਮਾਗ ਹੈ
ਚੰਨਾਂ ਸੂਰਜਾਂ ਤਾਰਿਆਂ ਬ੍ਰਹਿਮੰਡਾਂ
ਅਕਾਸ਼ਾਂ ਧਰਤੀਆਂ ਪਤਾਲਾਂ ਤੇ ਪ੍ਰਕਿਰਤੀਆਂ ਦਾ
ਉਸਨੂੰ ਹਿਸਾਬ ਹੈ

0 0 0

## ਸਦੀਆਂ ਤੇ ਅਵਾਰਗੀ

### ਪ੍ਰਭਾਵ ਪਹਿਲਾਂ – ਸਦੀਆਂ :

ਆਪਣੇ ਆਪ ਨੂੰ
ਸਾਲਾਂ ਮਹੀਨਿਆਂ ਦਿਨਾਂ ਤੇ ਪਲਾਂ 'ਚ ਵੰਡਿਆ ਹੈ
ਮੈਨੂੰ ਜਾਪਿਆ ਮੇਰਾ ਕੱਦ
ਸਦੀਆਂ ਲੰਮੇਰਾ ਹੈ
ਸਮੇਂ ਦੇ ਆਦਿ ਤੇ ਅੰਤ ਵਿਚਾਲੇ
ਮੇਰਾ ਹੀ ਚਿਹਰਾ ਹੈ

–0–

ਮੈਂ ਕਿੰਨਾਂ ਕੁਝ ਹੰਢਾਇਆ ਹੈ
ਬੀਜਿਆ ਸਿਰਜਿਆ ਤੇ ਉੱਗਾਇਆ ਹੈ
ਮੈਂ ਧਰਤੀ ਦੇ ਕਿੰਨੇ ਰੂਪ ਵੇਖੇ ਹਨ
ਕਿੰਨੇ ਆਸਮਾਂ ਸਿਰ ਤੇ ਹੰਢਾਏ ਹਨ
ਮੈਂ ਕਿੰਨੀਆਂ ਰੁੱਤਾਂ ਦੇ ਪਿੰਡੇ ਚੋਂ ਗੁਜਰਿਆ ਹਾਂ
ਕਿੰਨੇ ਮੌਸਮ ਨੈਣਾਂ 'ਚ ਵਸਾਏ ਹਨ
ਕਿੰਨੀਆਂ ਪ੍ਰਕਿਤਰੀਆਂ ਗੋਦੀ ਖਿਡਾਈਆਂ ਹਨ
ਕਿੰਨੇ ਰੁੱਖ ਜਨਮੇ
ਕਿੰਨੇ ਜੰਗਲ ਤੇ ਪਹਾੜ ਉੱਗਾਏ ਹਨ

–0–

ਮੈਂ ਚਿਹਰਿਆਂ ਦੇ ਕਿੰਨੇ ਸਾਗਰ ਤਰੇ ਹਨ
ਕਿੰਨੀਆਂ ਮਾਨਵਤਾਂ ਬਾਹਾਂ 'ਚ ਖਿਡਾਈਆਂ ਹਨ
ਕਿੰਨੇ ਸਾਗਰ ਪੀਤੇ ਹਨ
ਕਿੰਨੇ ਦਰਿਆ ਡੀਕੇ ਹਨ
ਕਿੰਨੀਆਂ ਨਦੀਆਂ ਅੱਥਰੂਆਂ ਦੀਆਂ
ਨੈਣਾਂ 'ਚ ਪਾਈਆਂ ਹਨ
ਕਿੰਨੇ ਰਾਹ ਤੇ ਸਫ਼ਰ ਮੈਲੇ ਕੀਤੇ ਹਨ
ਕਿੰਨੀਆਂ ਮੰਜ਼ਿਲਾਂ ਮਸਤਕ ਚੋਂ ਉੱਗਾਈਆਂ ਹਨ

–0–

ਮੇਰੀ ਦੇਹ 'ਚ ਕਈ ਸਦੀਆਂ ਸਮਾਈਆਂ ਹਨ
ਕਈਆਂ ਯੁੱਗਾਂ ਨੂੰ ਉਂਗਲੀ ਫੜਾ ਤੁਰਨਾ ਦਸਿਆ ਹੈ
ਹਵਾ ਨੂੰ ਵੇਗ ਦਾ ਅੱਗਣ ਨੂੰ ਤੇਜ਼ ਦਾ ਸੱਚ ਸਮਝਾਇਆ ਹੈ
ਜਲ ਨੂੰ ਜਲ ਦੀ ਦੇਹ ਦਾ ਭੇਦ ਦੱਸਿਆ ਹੈ
ਅੰਬਰ ਧਰਤੀ ਦੇ ਨੈਣਾਂ 'ਚ ਪਾਇਆ ਹੈ
ਸਮੇਂ 'ਚ ਗਤੀ ਦਾ ਅਹਿਸਾਸ ਜਗਾਇਆ ਹੈ
ਇਹ ਮੇਰੇ ਆਦਿ ਤੋਂ ਹੁਣ ਤੱਕ ਦੇ ਸਫ਼ਰ 'ਚ ਸਮਾਇਆ ਹੈ
ਮੇਰੀ ਦੇਹ 'ਚ ਵਸਦੀਆਂ ਸਦੀਆਂ 'ਤੇ
ਕਈ ਵਾਰੀ ਪੱਤਝੜਾਂ ਕਈ ਵਾਰੀ ਬਹਾਰਾਂ ਆਈਆਂ ਹਨ
ਕਈ ਵਾਰ ਝੁਲਸੀਆਂ ਹਨ ਆਪਣੀ ਹੀ ਅੱਗ 'ਚ
ਕਈ ਵਾਰ ਆਪਣੀ ਹੀ ਲਾਸ਼ ਤੇ
ਹੱਸੀਆਂ ਤੇ ਮੁਸਕਰਾਈਆਂ ਹਨ

-0-

ਕਈ ਵਾਰ
ਤਲੀਆਂ ਪੈਰਾਂ ਦੀਆਂ ਸੱੜੀਆਂ ਧੁੱਪਾਂ 'ਚ
ਕਈ ਵਾਰ ਚੰਨ ਮੱਥੇ 'ਤੇ ਸਜਾਇਆ ਹੈ
ਕਈ ਵਾਰ ਚਾਨਣੀ ਨੈਣਾਂ 'ਚ ਪਈ ਹੈ
ਕਈ ਵਾਰ ਪਲ ਪਲ ਕਰਕੇ ਸਦੀਆਂ ਗੁਜ਼ਾਰੀਆਂ
ਕਈ ਵਾਰ ਇੱਕ ਇੱਕ ਪਲ 'ਚ ਸਦੀਆਂ
ਉੱਤਰ ਆਈਆਂ ਹਨ
ਕਈ ਵਾਰ ਧਰਤੀ ਆਪਣੀ ਦੇਹ ਤਿਆਗ
ਅੰਬਰ ਤੇ ਛਾਈ ਹੈ
ਕਈ ਵਾਰ ਬ੍ਰਹਿਮੰਡ ਆਪਣੇ ਅੰਦਰ ਉਤਾਰੇ ਹਨ
ਪਿਆਸ ਦੀ ਤ੍ਰਿਸ਼ਨਾ ਜਗਾਈ ਹੈ
ਰੌਣਕਾਂ ਬਹਾਰਾਂ ਮੌਸਮਾਂ ਦੇ ਮੁਜੱਸਮੇ 'ਚ
ਕਈ ਵਾਰ ਚਿਹਰੇ ਤੇ ਉਦਾਸੀ ਦੇਹ 'ਚ
ਇਕੱਲਤਾ ਉੱਤਰ ਆਈ ਹੈ

-0-

ਇਸ ਤਰ੍ਹਾਂ ਕੱਟ ਲਈ ਸਦੀਆਂ ਨੇ
ਉਮਰ ਮੇਰੇ ਵਜ਼ੂਦ 'ਚੋਂ
ਪਰ ਆਪਣੇ ਆਪ 'ਚ ਅਜ਼ਨਬੀ
ਤੇ ਅੱਘਰਵਾਸੀ ਹੀ ਰਹੀਆਂ
ਮੇਰੇ ਲਹੂ 'ਚ ਤੁਰੀਆਂ ਦੇਹ 'ਚ ਜੀਵੀਆਂ
ਪਰ ਦੇਹ ਤੇ ਰੂਹ ਬਨਵਾਸੀ ਹੀ ਰਹੀਆਂ

-0-

ਪ੍ਰਭਾਵ ਦੂਜਾ – ਅਵਾਰਗੀ :

ਸਦੀਆਂ ਦੀ ਅਵਾਰਗੀ 'ਚ
ਬੜਾ ਠਰਕ ਸੀ ਸੜਕਾਂ ਤੇ ਭੌਣ ਦਾ
ਅਵਾਰਗੀ 'ਚ ਗੁੰਮ ਰਹਿਣ ਦਾ
ਛਾਵਾਂ ਤੇ ਪੈਰ ਧਰ ਕੇ ਲੰਘਣ ਦਾ
ਧੁੱਪਾਂ ਦੇ ਸਾਏ 'ਚ ਬਹਿਣ ਦਾ
ਸ਼ੋਰ ਬਣਕੇ ਫੈਲਣ ਦਾ
ਭੀੜਾਂ 'ਚ ਉਦਾਸ ਰਹਿਣ ਦਾ
ਠਰਕ ਸੀ ਦੇਹ ਤੋਂ ਬਾਹਰ ਸਾਏ ਹੇਠ ਬਹਿਣ ਦਾ

-0-

ਆਪਣੀ ਅਵਾਰਗੀ 'ਚ
ਇਸ ਤਰ੍ਹਾਂ ਤਕਸੀਮੇ ਗਏ
ਕਿ ਸਾਲਾਂ ਮਹੀਨਿਆਂ ਦਿਨਾਂ ਤੋਂ
ਪਲਾਂ 'ਚ ਢਲ ਗਏ
ਸਮੇਂ ਦੇ ਮਸਤਕ 'ਚ ਠਹਿਰ ਗਏ
ਹਵਾ ਦੇ ਪੈਰਾਂ ਨੂੰ ਲਿਪਟ ਗਏ
ਆਪਣੇ ਜਲ ਚੋਂ ਸਹਿਰਾ ਉੱਗਾ ਲਿਆ
ਧਰਤ ਤੇ ਅਕਾਸ਼ ਨੂੰ ਤਲੀਆਂ ਤੇ ਉਠਾ ਲਿਆ
ਚੰਦਰਮਾ ਕੱਛੇ ਮਾਰਿਆਂ
ਮੱਘਦਾ ਸੂਰਜ ਮੂੰਹ 'ਚ ਪਾ ਲਿਆ
ਆਪਣੇ ਅੰਦਰ ਤੇ ਦੁਆਲੇ ਹਨ੍ਹੇਰਾ ਪੋਚਿਆ
ਮੱਥੇ 'ਚ ਜਗਦਾ ਦੀਵਾ ਬੁੱਝਾ ਲਿਆ

ਆਪਣੀ ਅਵਾਰਗੀ ਦਾ ਸਰਾਪ
ਬਣਕੇ ਰਹਿ ਗਏ
ਆਪਣੀ ਕਬਰ ਦੇ ਦੀਵਾ ਬਾਲਿਆ ਤੇ ਬਹਿ ਗਏ
ਜ਼ਿੰਦਗੀ ਤੋਂ ਕਬਰ ਵਿਚਲਾ ਸਫ਼ਰ ਬਣਕੇ ਰਹਿ ਗਏ

-0-

ਗਤੀਆਂ ਦੇ ਚਸ਼ਮੇ ਵੇਗ ਦਾ ਦਰਿਆ ਸਾਂ
ਧੁੱਪਾਂ ਦਾ ਪਿੰਡਾ ਰੂਪ ਛਾਵਾਂ ਦਾ ਸਾਂ
ਚਿਹਰਾ ਪ੍ਰਕਿਰਤੀ ਦਾ ਨਕਸ਼ ਹਵਾਵਾਂ ਦਾ ਸਾਂ
ਤ੍ਰਿਸ਼ਨਾ ਰਾਹਾਂ ਦੀ ਸੁਫ਼ਨਾ ਦਿਸ਼ਾਵਾਂ ਦਾ ਸਾਂ
ਸਾਹ ਜੀਵਨ ਦਾ
ਪਿਆਸ ਸਾਗਰ ਦੀ ਸਾਂ
ਚਾਹ ਸਾਗਰ ਦੀ ਜਲ ਗਾਗਰ ਦਾ ਸਾਂ

-0-

ਅਵਾਰਗੀ ਦਾ ਦੌਰ ਸੀ ਤੇ ਸਾਂ ਅਸੀਂ
ਮਹਿਕ ਮੌਸਮਾਂ ਦੀ ਜੁੱਸਾ ਬਹਾਰਾਂ ਦਾ ਸਾਂ
ਹਰਿਆਵਲ ਜੰਗਲ ਦੀ
ਮੁੱਖ ਆਬਸ਼ਾਰਾ ਦਾ ਸਾਂ
ਕੋਇਲ ਦੇ ਕੰਠ 'ਚ ਵਸੇਰਾ ਸੀ
ਪੈਰ ਧਰਤੀ ਤੇ ਅੰਬਰ 'ਚ ਡੇਰਾਂ ਸੀ
ਅਵਾਰਗੀ ਹੀ ਆਪਣਾ ਦਰਪਣ ਸੀ
ਅਵਾਰਗੀ ਹੀ ਆਪਣਾ ਚਿਹਰਾ ਸੀ

-0-

ਅਵਾਰਗੀ ਦੀ ਕੁੱਖ ਚੋਂ ਗਤੀਆਂ ਜਨਮੀਆਂ
ਆਪਣੀ ਹੀ ਕੁੱਖ ਨੂੰ ਸਰਾਪ ਸੀ
ਆਪਣੇ ਚਿਹਰੇ ਤੇ ਲਿੱਖਿਆ
ਆਪਣੀ ਜਮ੍ਹਾਂ ਮੱਨਫ਼ੀ ਜ਼ਰਬੋ ਤਕਸੀਮ
ਦਾ ਹਿਸਾਬ ਸੀ
ਆਪਣੇ ਪੈਰਾਂ 'ਚ ਚੱਕਰ ਸੀ
ਆਪਣੀ ਦੇਹ 'ਚ ਇਕ ਪਲ ਬਹਿਣਾ ਹਿਜ਼ਾਬ ਸੀ

ਅਵਾਰਗੀ ਦੇ ਮੌਸਮ 'ਚ
ਕਿਤੇ ਸਹਿਰਾ ਦੇ ਕਿਤੇ ਸਾਗਰ ਸੀ
ਕਿਤੇ ਜੰਗਲ ਤੇ ਕਿਤੇ ਪਹਾੜ ਸੀ
ਰੌਣਕਾਂ ਦੇ ਝੁਰਮਟ ਸਨ
ਇਕੱਲਤਾ ਹੀ ਆਪਣਾ ਤਖ਼ਤ ਸੀ
ਆਪਣਾ ਦਰਬਾਰ ਸੀ

-0-

ਪ੍ਰਭਾਵ ਤੀਜਾ
ਅਵਾਰਗੀ ਦੇ ਅੰਕੁਰ :

ਅਵਾਰਗੀ ਦੀ ਪਿੱਠ ਪਿੱਛੇ
ਦੋ ਧੁੱਖਦੇ ਨੈਣਾਂ ਦਾ ਧੂੰਆਂ ਉੱਠਿਆ
ਤੇ ਅੰਬਰ ਤੇ ਛਾ ਗਿਆ
ਬਣਕੇ ਬੱਦਲ
ਆਪਣੀ ਹੀ ਦੇਹ ਤੇ ਵਰ੍ਹ ਗਿਆ
ਇਕੱਲਤਾ ਨੇ ਚੁੱਪ ਤੋੜੀ
ਆਵਾਰਗੀ ਦੇ ਕੰਠ 'ਚ ਉੱਤਰੀ ਤੇ ਬੋਲੀ
ਆਵਾਰਗੀ
ਤੇਰੇ ਪੈਰਾਂ 'ਚ ਉਨ੍ਹਾਂ ਦੋ ਨੈਣਾਂ ਦੀ ਭਾਲ ਹੈ
ਨੈਣ ਜੋ ਆਵਾਰਗੀ ਦੇ ਨੈਣਾਂ 'ਚ ਬੀਜ
ਆਪਣਾ ਚਿਹਰਾ ਤੁਰ ਗਏ
ਆਪ ਚਿੱਟੇ ਦਿਨ 'ਚ ਹੀ ਗੁੰਮ ਗਏ
ਆਵਾਰਗੀ
ਦੇ ਮਸਤਕ 'ਚ ਆਪਣੀ ਪਹਿਚਾਣ ਧਰ ਗਏ

-0-

ਉਹ ਨੈਣ ਪਿੱਠ ਤੋਂ ਉੱਠ ਕੇ ਜਦੋਂ ਸਾਹਮਣੇ ਆਉਂਦੇ ਹਨ
ਮੇਰੀ ਇਕੱਲਤਾ ਤੇ ਆਵਾਰਗੀ
ਦਾ ਰੂਪ ਧਾਰਦੇ ਹਨ
ਤੇ ਮੁਸਕਰਾਉਂਦੇ ਹਨ

ਤੇਰੇ ਪੈਰਾਂ 'ਚ ਇਨ੍ਹਾਂ ਨੈਣਾਂ ਦਾ ਡੇਰਾ ਹੈ
ਤੇਰੇ ਪੈਰਾਂ 'ਚ ਤੇਰੀ ਆਵਾਰਗੀ ਹੈ
ਤੇਰੀ ਆਵਾਰਗੀ ਦੇ ਸਫ਼ਰ 'ਚ
ਇਨ੍ਹਾਂ ਨੈਣਾਂ ਦਾ ਚਿਹਰਾ ਹੈ

–0–

ਮੈਂ ਆਪਣੀ ਆਵਾਰਗੀ ਉਠਾ ਕੇ
ਅੱਖਾਂ ਤੇ ਮੱਥੇ ਨਾਲ ਲਾਉਂਦਾ ਹਾਂ
ਉਦੋਂ ਉਹ ਨੈਣ
ਮੇਰੇ ਨੈਣਾਂ ਦੇ ਰਾਹੀਂ ਦਿਲ 'ਚ ਉਤਰਦੇ ਹਨ
ਫੜਕੇ ਬਾਂਹ ਮੇਰੀ
ਆਪਣੇ ਕੋਲ ਬਿਠਾਉਂਦੇ ਹਨ
ਮੇਰੇ ਲਹੂ 'ਚ ਤੁਰਦੇ ਹਨ ਮੇਰੇ ਜਿਸਮ 'ਚ ਭੌਂਦੇ ਹਨ
ਮੇਰੇ ਚਿਹਰੇ 'ਤੇ
ਮੇਰੇ ਨੈਣ ਬਣਕੇ ਉੱਗ ਆਉਂਦੇ ਹਨ
ਮੇਰੇ ਨੈਣਾਂ ਨੂੰ ਮੇਰੇ ਚਿਹਰੇ ਚੋਂ
ਆਪਣਾ ਚਿਹਰਾ ਵਿਖਾਉਂਦੇ ਹਨ
ਦੋ ਨੈਣ ਤੇ ਚਿਹਰਾ ਮੇਰੇ 'ਚ ਉੱਤਰ ਜਾਂਦੇ ਹਨ
ਮੇਰੀ ਪਹਿਚਾਣ ਬਣਦੇ ਹਨ
ਖੁਦ ਗੁਆਚ ਜਾਂਦੇ ਹਨ

–0–

ਆਵਾਰਗੀ
ਆਪਣੇ ਆਪ ਦੀ ਹੈ ਆਪਣੀ ਭਾਲ ਦੀ ਹੈ
ਆਪਣੇ ਜਿਸਮ 'ਚ ਵਸਦੀ ਰੂਹ ਦੀ ਹੈ
ਪਾਣੀ ਲਈ ਪਿਆਸੇ ਖੂਹ ਦੀ ਹੈ
ਗੁਲਸ਼ਨ ਲਈ
ਬਹਾਰਾਂ ਮੌਸਮਾਂ ਦੀ ਹੈ
ਕਲੀਆਂ ਫੁੱਲਾਂ ਲਈ ਰੰਗ ਰੰਗਤ ਖੁਸ਼ਬੂਆਂ ਦੀ ਹੈ
ਸਹਿਰਾ ਦੀ ਆਵਾਰਗੀ ਸਾਗਰ ਲਈ ਹੈ

ਮਨੁੱਖ ਦੀ ਆਵਾਰਗੀ ਮਨੁੱਖਤਾ ਲਈ ਹੈ
ਪੌਣ ਲਈ ਆਵਾਰਗੀ ਹਰ ਜੂਅ ਦੀ ਹੈ
ਰੁੱਖ ਲਈ ਜੰਗਲ ਦੀ ਹੈ
ਮੈਂ ਲਈ ਆਵਾਰਗੀ ਤੂੰ ਦੀ ਹੈ

-0-

ਕਿਣਕੇ ਲਈ ਆਵਾਰਗੀ ਪਹਾੜ ਦੀ ਹੈ
ਨਦੀਆਂ ਨਾਲਿਆਂ ਦਰਿਆਵਾਂ ਦੀ
ਆਵਾਰਗੀ ਸਾਗਰ ਲਈ ਹੈ
ਬੂੰਦ ਦੀ ਆਵਾਰਗੀ ਗਾਗਰ ਲਈ ਹੈ
ਸਾਗਰ ਦੀ ਆਵਾਰਗੀ ਸਾਗਰ ਲਈ ਹੈ
ਜ਼ਿੰਦਗੀ ਖ਼ੁਦ ਆਪਣੀ ਆਵਾਰਗੀ 'ਚ ਭੌਂਦੀ ਹੈ
ਸਫ਼ਰ ਹੁੰਦੀ ਹੈ ਸਫ਼ਰ ਦਾ ਸੱਚ ਪਾਉਂਦੀ ਹੈ

-0-

ਸਾਡੇ ਲਈ ਆਵਾਰਗੀ
ਵਿਚਰਨ ਧਰਾਤਲ ਸੀ ਜਨਮ ਤੇ ਮਰਨ ਦੀ ਗਤੀ ਸੀ
ਅਸੀਂ ਆਵਾਰਗੀ ਦੀ ਤੁਰਦੀ ਫਿਰਦੀ ਜਗਦੀ ਜਾਗਦੀ
ਮੂੰਹੋਂ ਬੋਲਦੀ ਮਿਸਾਲ ਸਾਂ
ਯੁੱਗਾਂ ਦੇ ਜਨਮ ਦਾਤੇ ਯੁੱਗਾਂ ਤੋਂ ਬਾਹਰ ਸਾਂ
ਮੌਤ ਤੇ ਜੀਵਨ ਦਾ ਜਿਉਂਦਾ ਜਾਗਦਾ ਅਹਿਸਾਸ ਸਾਂ
ਆਪਣੀ ਜ਼ੁਬਾਂ ਤੇ ਸਮਾਂ ਸੀ ਬੋਲਦਾ
ਆਪਣੇ ਇਸ਼ਾਰੇ ਤੇ ਅੰਬਰ ਸੀ ਭੇਦ ਆਪਣਾ ਖੋਲ੍ਹਦਾ
ਆਪਣੀ ਚੁੱਪ ਤੇ ਸਾਗਰ ਸੀ ਆਪਾ ਉਧੇੜਦਾ
ਆਪਣੀ ਪਲਕ ਖੁਲ੍ਹਣ ਤੇ ਸੀ ਸੂਰਜ ਉਦੈ ਹੁੰਦਾ
ਆਪਣੀ ਇਬਾਦਤ ਤੇ ਸੀ ਖ਼ੁਦਾ ਜਨਮਦਾ

-0-

ਸਦੀਆਂ ਤੇ ਆਵਾਰਗੀ
ਮੇਰੀ ਦੇਹ 'ਚ ਵਸਦੀਆਂ
ਸੁੱਖਾਂ ਦੁੱਖਾਂ ਦੀ ਮਹਿਕ ਖਿਲਾਰਦੀਆਂ

ਆਪਣੀ ਆਪਣੀ ਕਿਸਮਤ ਤੇ ਰੋਂਦੀਆਂ
ਤੇ ਹੱਸਦੀਆਂ
ਮੇਰੀ ਦੇਹ ਨੂੰ ਦੱਸਦੀਆਂ
ਦੇਹ 'ਚ ਕੋਈ ਯਾਤਰੂ ਸਦਾ ਨਹੀਂ ਰਹਿੰਦਾ
ਰਾਤ ਕੱਟਦਾ ਹੈ
ਦਿਨੇ ਸਫ਼ਰ ਕਰਦਾ ਹੈ
ਯਾਤਰੂ ਦਾ ਸੂਰਜ ਡੁੱਬਦਾ ਤੇ ਚੜ੍ਹਦਾ ਹੈ
ਮੇਰੀ ਦੇਹ ਦਾ ਖੰਡਰ
ਕਿਸੇ ਯਾਤਰੂ ਦੀ ਇੰਤਜ਼ਾਰ 'ਚ ਰਾਹਾਂ 'ਚ ਖੜ੍ਹਿਆ ਹੈ
ਖੰਡਰ ਨੇ ਆਪਣੇ ਮੱਥੇ 'ਤੇ
ਵਸੇਰਾ
ਸਦੀਆਂ ਤੇ ਆਵਾਰਗੀ ਦਾ ਲਿਖ ਧੱਰਿਆ ਹੈ
0 0 0

## ਪਾੜਾ

ਵਿਗਿਆਨ ਦਾ ਗਿਆਨ ਵੱਧਿਆ ਹੈ
ਜੀਵਨ ਦਾ ਅੰਗ ਅੰਗ ਫੈਲਿਆ ਤੇ ਵਿਗਸਿਆ ਹੈ
ਜੀਵਨ ਬਿੰਦੂਆਂ ਤੋਂ ਦਾਇਰਿਆਂ 'ਚ ਬਦਲਿਆ ਹੈ
ਗਿਆਨ ਦੀਵਿਆਂ ਤੋਂ ਸੂਰਜਾਂ 'ਚ ਢਲ ਗਿਆ ਹੈ
ਵਿਗਿਆਨ ਦੀ ਰੌਸ਼ਨੀ 'ਚ
ਮਨੁੱਖਤਾ ਝੁਲਸੀ ਹੈ
ਮਨੁੱਖ ਆਪਣੇ ਪੈਰਾਂ 'ਚ ਸੁੰਘੜਿਆ ਹੈ
ਧਰਤੀ ਦੀ ਕੁੱਖ ਉੱਜੜੀ ਹੈ
ਅੰਬਰ ਦੀ ਹਿੱਕ ਤੇ ਕੋਈ ਮੱਘਦੇ
ਅੰਗਿਆਰ ਧਰ ਗਿਆ ਹੈ

-0-

ਮਨੁੱਖ ਪੱਥਰ ਯੁੱਗ ਚੋਂ
ਕੰਪਿਊਟਰ ਯੁੱਗ 'ਚ ਰਹਿ ਰਿਹਾ ਹੈ
ਦੀਵਿਆਂ ਦੀ ਥਾਂ ਆਪਣੀਆਂ ਤਲੀਆਂ 'ਤੇ
ਚੰਨ ਸੂਰਜ ਧਰੀ ਬੈਠਾ ਹੈ
ਧਰਤ ਦੇ ਹਨ੍ਹੇਰੇ ਅੰਗਾਂ ਨੂੰ
ਸਮੁੰਦਰ 'ਚ ਘੁਲੀ ਕਾਲਖ ਤੇ
ਪਹਾੜ ਦੇ ਅੰਦਰਲੇ ਹਨ੍ਹੇਰੇ ਨੂੰ
ਜ਼ਖ਼ਮੀ ਹਵਾ ਦੇ ਚਿਹਰੇ ਨੂੰ
ਪਹਿਚਾਣ ਨਹੀਂ ਸਕਿਆ
ਧਰਤੀ ਦੀ ਵੇਦਨਾ ਸਮਝ ਨਹੀਂ ਸਕਿਆ
ਅੰਬਰ ਦੇ ਚਿਹਰੇ ਦੇ ਜ਼ਖ਼ਮ ਜਾਣ ਨਹੀਂ ਸਕਿਆ

-0-

ਮੌਸਮ ਬਹਾਰਾਂ ਹਰਿਆਵਲ ਦੇ
ਵਜੂਦ ਤੋਂ ਵਾਕਿਫ਼ ਹੈ
ਇਨ੍ਹਾਂ 'ਚ ਵਸਦੀ ਉਦਾਸੀ ਚੁੱਪ ਇਕੱਲਤਾ
ਤੇ ਪੱਤਝੜਾਂ ਨੂੰ ਅਨੁਭਵ ਨਹੀਂ ਸਕਿਆ

ਆਪਣੀ ਵਿਗਿਆਨਕ ਸ਼ਕਤੀ 'ਚ
ਇਨਾ ਮਗ਼ਰੂਰ ਹੈ
ਕਿ ਭੁੱਖੇ ਢਿੱਡਾਂ ਦੀ ਉਦਾਸੀ
ਬੀਮਾਰ ਚਿਹਰਿਆਂ ਦੀ ਉਮਰ
ਦਾਣੇ ਦਾਣੇ ਤੋਂ ਮੁਥਾਜ ਖੇਤ
ਸੁੱਕੇ ਜਲਦਾ ਚਿਹਰਾ
ਪੱਤਝੜ ਜਿਉਂਦੀ ਹਰਿਆਵਲ
ਇਸ ਨੂੰ ਨਜ਼ਰ ਨਹੀਂ ਆਈ

-0-

ਗਤੀ ਰਹਿਤ ਮੁਰਦਾ ਹਵਾ ਖਾਕ ਹੋਈ ਅੱਗ
ਬਾਂਜ ਧਰਤੀ ਛਾਲਾਂ ਅਸਮਾਨ
ਮੌਤ ਲਈ ਰੀਂਘਦਾ ਮਨੁੱਖ ਤੇ ਮਨੁੱਖਤਾ
ਜ਼ਰਦ ਪਹਾੜ ਪਿਆਸੀਆਂ ਨਦੀਆਂ ਤੇ
ਦਰਿਆਵਾਂ ਦੀ ਵੇਦਨਾ ਤੇ ਸ਼ਕਲ
ਵਿਸਰ ਗਿਆ ਹੈ
ਵਿਗਿਆਨਕ ਸ਼ਾਹ ਸਵਾਰ
ਜਿੱਧਰ ਵੀ ਗਿਆ ਹੈ ਅੱਗ ਬੀਜਦਾ
ਗਿਆ ਹੈ
ਵਿਗਿਆਨਕ ਸ਼ਾਹ ਸਵਾਰ
ਰੱਬ ਬਣਨ ਦੀ ਦੌੜ 'ਚ ਆਪਾ ਭੁੱਲ ਕੇ ਬਹਿ ਗਿਆ ਹੈ
ਜ਼ਿੰਦਗੀ ਚੋਂ ਮਨਫ਼ੀ ਹੋ ਗਿਆ ਹੈ
ਕਬਰਾਂ ਬਣਕੇ ਰਹਿ ਗਿਆ ਹੈ

-0-

ਵਿਗਿਆਨ ਤੇ ਚੇਤਨਾ ਵਿਚਲਾ ਪਾੜਾ
ਏਨਾ ਵੱਧ ਗਿਆ ਹੈ
ਵਿਗਿਆਨ ਜੀਵਨ ਦਾ ਸਾਹ ਬਣਨ ਦੀ ਥਾਂ
ਜੀਵਨ ਦੇ ਪੋਟੇ ਪੋਟੇ 'ਚ ਕਬਰਾਂ ਧਰ ਰਿਹਾ ਹੈ
ਬਰੂਦ ਸਮੁੰਦਰ ਦੀ ਪ੍ਰਯੋਗਸ਼ਾਲਾ 'ਚ
ਪ੍ਰਯੋਗ ਦਾ ਹੈ

ਧਰਤੀ ਪ੍ਰਕਿਰਤੀ ਤੇ ਮਨੁੱਖਤਾ ਤੇ ਵਰ੍ਹਦਾ ਹੈ
ਵਿਗਿਆਨਕ ਸ਼ਕਤੀ ਨੇ ਸਾਰੇ ਦਾ ਸਾਰਾ ਬਲ
ਧਰਤੀ ਤੇ ਕਾਲਖਾਂ
ਬੇਰੁਜ਼ਗਾਰੀ ਬੀਮਾਰੀ ਗੁਰਬਤ ਤੇ
ਅੱਗਾਂ ਬੀਜਣ ਤੇ ਲਾਇਆ ਹੈ
ਖੇਤਾਂ ਚੋਂ ਅੱਗਾਂ
ਧਰਤੀ ਚੋਂ ਕਬਰਾਂ ਦੀਆਂ ਫਸਲਾਂ ਉੱਗਾਈਆਂ ਹਨ
ਜਲ 'ਚ ਜੀਵ ਜੰਤੂ ਮੁਕਾਏ ਹਨ
ਮਨੁੱਖ ਦਾ ਲਹੂ ਮਾਸ ਤੇ ਚਰਬੀ
ਧਰਤੀ ਤੇ ਵਿਛਾਏ ਹਨ
ਮਨੁੱਖਤਾ ਦੀ ਲਾਸ਼ ਦੇ ਟੁੱਕੜੇ
ਜੰਗਲੀ ਜਾਨਵਰਾਂ ਕਾਵਾਂ ਕੁਤਿਆਂ ਨੂੰ ਖੁਆਏ ਹਨ

-0-

ਪ੍ਰਕਿਰਤੀ ਪੱਥਰਾ ਗਈ
ਸਾਗਰ ਕੋਇਲੇ ਹੋ ਗਿਆ
ਵਿਗਿਆਨ ਨੇ ਲੋਹਾ ਮੌਤ ਦਾ
ਜ਼ਿੰਦਗੀ ਦੇ ਪਿੰਡੇ ਢਾਲਿਆ
ਧਰਤੀ ਦਾ ਵਜੂਦ ਉਬਾਲਿਆ
ਸੜ ਗਏ
ਆਲਣਿਆਂ 'ਚ ਬੋਟ
ਪੱਤਾ ਪੱਤਾ ਸਵਾਹ ਕੀਤਾ
ਇੱਕ ਇੱਕ ਰੁੱਖ ਬਲਿਆ
ਬਰੂਦ ਦੀ ਅੱਗ ਨੇ ਜੰਗਲ ਹੰਗਾਲਿਆ
ਢਹਿ ਗਏ ਮੰਦਰ ਮਸੀਤਾਂ ਤੇ ਗਿਰਜਾਘਰ
ਰੱਬ ਦੀ ਦਰਗਾਹ ਚੋਂ ਰੱਬ ਨੂੰ ਉੱਠਾ ਲਿਆ
ਪਸ਼ੂ ਪਕਸ਼ੀ ਜੀਵ ਜੰਤੂ ਰਾਖ ਦਾ ਢੇਰ ਹੋ ਗਏ
ਅੱਗ ਨੇ ਪ੍ਰਕਿਰਤੀ ਨੂੰ ਮੂੰਹ 'ਚ ਪਾ ਲਿਆ

-0-

ਮਨੁੱਖੀ ਮਾਸ ਤੇ ਲਹੂ ਦੀ ਗੰਧ
ਵਾਤਾਵਰਨ 'ਚ ਰਲ ਗਈ
ਬੌਧਿਕ ਮਨੁੱਖ ਅੱਜ ਦਾ
ਜ਼ਿੰਦਗੀ ਦੇ ਮੂੰਹ ਤੇ ਮਨੁੱਖਤਾ ਦਾ ਲਹੂ ਮਲ ਗਿਆ
ਛਿੱਲਿਆ ਜ਼ਿੰਦਗੀ ਦਾ ਪਿੰਡਾ
ਅੰਗ ਅੰਗ ਤੇ ਹਰ ਨਕਸ਼
ਜ਼ਿੰਦਗੀ ਦੀ ਦੇਹ 'ਚ ਜਿਉਂਦੀ ਮੌਤ ਧਰ ਗਿਆ
ਰਾਖ ਉੱਡੀ ਧਰਤ ਤੋਂ ਅੰਬਰ ਤੇ ਫੈਲ ਗਈ
ਪਾਣੀਆਂ ਦੀ ਹਿੱਕ ਤੇ ਮਨੁੱਖਤਾ ਦਾ ਲਹੂ ਤਰ ਗਿਆ
ਹਰ ਪੱਤੇ ਦੀ ਜਬਾਨ ਤੇ ਅੰਗਿਆਰ
ਛਾਵਾਂ ਨੇ ਸੜਦਾ ਸੂਰਜ ਨੈਣੀਂ ਪਾ ਲਿਆ
ਆਪਣੀਆਂ ਲਾਸ਼ਾਂ ਮੋਢੀ ਚੁੱਕੀਆਂ
ਤਲੀਆਂ 'ਤੇ
ਆਪਣਾ ਸ਼ਮਸ਼ਾਨ ਉੱਠਾ ਲਿਆ
ਮੌਤ ਨੇ ਪੋਟਾ ਪੋਟਾ ਜ਼ਿੰਦਗੀ ਗਾਹੀ
ਪੱਤੇ ਤੋਂ ਲੈ ਕੇ ਜੜ੍ਹ ਤਕ ਕੁਦਰਤ ਨੂੰ ਖਾ ਲਿਆ

-0-

ਵਿਗਿਆਨ
ਜ਼ਿੰਦਗੀ ਦੀ ਕੁੱਖ ਚੋਂ ਹੈ ਜਨਮਿਆ
ਜ਼ਿੰਦਗੀ ਦੀ ਕੁੱਖ ਨੂੰ ਹੀ ਲੀਕਾ ਲਾ ਗਿਆ
ਵਿਗਿਆਨਕ ਸ਼ਕਤੀ ਦਾ ਇਨਾ ਅੰਨ੍ਹਾਂ ਹੋ ਗਿਆ ਮਨੁੱਖ
ਜ਼ਿੰਦਗੀ ਦੀ ਥਾਂ ਮੌਤ ਨੂੰ ਸਾਹਾਂ 'ਚ ਵਸਾ ਲਿਆ

-0-

ਵਿਗਿਆਨਕ ਸ਼ਾਹ ਸਵਾਰ
ਜੇ ਜ਼ਿੰਦਗੀ ਸੁਆਰਦਾ ਜ਼ਿੰਦਗੀ 'ਚ ਚਾਨਣ ਖਿਲਾਰਦਾ
ਪੱਤਝੜਾਂ ਧੁੱਪਾਂ ਇਕੱਲਤਾ ਉਦਾਸੀਆਂ
ਜ਼ਿੰਦਗੀ ਚੋਂ ਹੂੰਝਦਾ
ਜ਼ਿੰਦਗੀ ਦੇ ਬੁੱਲ੍ਹੀਂ ਹਾਸੇ ਬੀਜਦਾ
ਜ਼ਿੰਦਗੀ ਦੇ ਟੋਏ ਟਿੱਬੇ ਪੂਰਦਾ

ਜ਼ਿੰਦਗੀ ਦੇ ਰੁੱਖ ਤੇ ਲਗਦਾ
ਰੂਪ ਬਣਕੇ ਅੰਬਾਂ ਦੇ ਬੂਰ ਦਾ
ਕੋਇਲ ਦੇ ਕੰਠੀਂ ਵਸਦਾ
ਨੱਚਦਾ ਨਾਚ ਜੰਗਲ ਦੇ ਮੋਰ ਦਾ

-0-

ਮਨੁੱਖ
ਮਨੁੱਖਤਾ ਦੇ ਲਹੂ 'ਚ ਸੇਧ ਬਣਕੇ ਗਿੜਦਾ
ਮਨੁੱਖ ਦਾ ਮੁਕੱਦਰ ਹੋ ਵਿਚਰਦਾ
ਰੁੱਖਾਂ 'ਚ ਜਿਉਂਦਾ ਜੰਗਲ 'ਚ ਪਸਰਦਾ
ਹਰਿਆਵਲ ਦੀ ਸੁੰਦਰਤਾ ਮਾਣਦਾ
ਪ੍ਰਕਿਰਤੀ 'ਚ ਸਾਹ ਲੈਂਦਾ
ਸਾਗਰਾਂ 'ਚ ਆਪਣੀ
ਤਪਸ਼ ਠਾਰਦਾ
ਆਸਮਾਂ ਦੀ ਗੂੰਜ ਹੋ ਗੁਜ਼ਰਦਾ
ਧਰਤੀ ਦੀ ਮਹਿਕ ਹੋ ਵਿਚਰਦਾ
ਪਹਾੜਾਂ ਦਾ ਅੰਦਰ ਰੁਸ਼ਨਾਂਦਾ
ਜ਼ਖ਼ਮੀ ਹਵਾ ਦੇ ਜ਼ਖ਼ਮ ਭਰਦਾ
ਅਕਾਸ਼ ਦੀ ਚਾਹਤ ਧਰਤੀ ਦੀ ਇੱਛਾ ਸਮਝਦਾ
ਮੌਸਮਾਂ ਬਹਾਰਾਂ ਰੁੱਤਾਂ ਦੀ ਉਦਾਸੀ ਚੁੱਪ
ਤੇ ਇਕੱਲਤਾ ਵਿਚਾਰਦਾ
ਜੀਵਨ ਦਾ ਮੂੰਹ ਪੂੰਝਦਾ ਜ਼ਿੰਦਗੀ ਦੀ ਕੁੱਖ ਸਤਿਕਾਰਦਾ

-0-

ਵਿਗਿਆਨ ਦੀ ਵਰਤੋਂ
ਜ਼ਿੰਦਗੀ ਦੀ ਵਿਰੋਧੀ ਨਾ ਹੁੰਦੀ
ਵਿਗਿਆਨ ਆਪਣੇ ਚਾਨਣ 'ਚ ਜ਼ਿੰਦਗੀ ਲਪੇਟਦਾ
ਜੀਵਨ ਵਿਚਲੇ ਫਾਸਲੇ ਮੇਟਦਾ
ਜ਼ਿੰਦਗੀ ਦੀ ਨਜ਼ਰ ਬਣਦਾ
ਜ਼ਿੰਦਗੀ ਦੀ ਗਤੀ ਹੋ ਜਿਉਂਦਾ
ਜ਼ਿੰਦਗੀ ਨੂੰ ਜ਼ਿੰਦਗੀ ਦੇ ਸਾਗਰ 'ਚ ਉਤਾਰਦਾ

ਮਨੁੱਖ ਦਾ ਚਿਹਰਾ
ਮਨੁੱਖਤਾ ਚੋਂ ਵੇਖਦਾ
ਜ਼ੱਰੇ ਜ਼ੱਰੇ ਚੋਂ ਪਹਾੜ ਕਿਰਨਾਂ ਚੋਂ ਸੂਰਜ ਉਸਾਰਦਾ
ਪੱਤੇ ਪੱਤੇ ਚੋਂ ਜੰਗਲ
ਮਨੁੱਖ ਚੋਂ ਕੁਦਰਤ ਚੋਂ ਕਾਦਰ ਨਿਹਾਰਦਾ

-0-

ਮਨੁੱਖ ਤੇ ਪ੍ਰਕਿਰਤੀ ਦੇ ਵਜ਼ੂਦ 'ਚ
ਆਪਣੀ ਹੋਂਦ ਦਾ ਸਫ਼ਰ ਤਹਿ ਕਰਦਾ
ਜੀਵਨ ਗਿਆਨ ਦੇ ਸ਼ੀਸ਼ੇ 'ਚ ਆਪਾ ਵੇਖਦਾ
ਆਪਣੀ ਗਤੀ ਵਿਧੀ ਸ਼ਕਲ ਸੂਰਤ ਸਿਆਣਦਾ
ਆਪਣੇ ਲਕਸ਼ ਵੱਲ ਤੁਰਦਾ
ਆਪਣੀ ਕੁੱਖ ਦਾ ਨਿੱਘ ਮਾਣਦਾ
ਨਾ ਵਿਗਿਆਨ ਜੀਵਨ ਵਿੱਥ ਤੇ ਜਿਉਂਦਾ
ਨਾ ਜੀਵਨ ਵਿਗਿਆਨਕ ਵਿੱਥ ਤੇ ਜਿਉਂਦਾ

-0-

ਜੀਵਨ ਤੇ ਵਿਗਿਆਨ ਦਾ ਰਿਸ਼ਤਾ ਕੁੱਖ ਦਾ ਹੈ
ਸੂਰਜ ਤੇ ਕਿਰਨਾਂ ਦਾ ਹੈ
ਬੂੰਦ ਤੇ ਸਾਗਰ ਦਾ ਹੈ ਫੁੱਲ ਤੇ ਮਹਿਕ ਦਾ ਹੈ
ਹਵਾ ਤੇ ਗਤੀ ਦਾ ਹੈ ਅੱਗਣ ਤੇ ਤੇਜ਼ ਦਾ ਹੈ
ਜਲ ਤੇ ਪਿਆਸ ਦਾ ਹੈ ਧਰਤ ਤੇ ਅਕਾਸ਼ ਦਾ ਹੈ

-0-

ਇਸ ਰਿਸ਼ਤੇ 'ਚ ਜੋ ਪਾੜਾ ਹੈ
ਇਨਸਾਨ ਨਹੀਂ ਇਨਸਾਨ ਵਿਚਲਾ ਹੈਵਾਨ ਹੈ
ਜੋ ਜੀਵਨ ਤੇ ਵਿਗਿਆਨ ਵਿਚਾਲੇ ਖੜਾ ਹੈ
ਜੋ ਆਪਣੇ ਆਪ ਨੂੰ ਬ੍ਰਹਿਮੰਡ ਦਾ ਦਾਇਰਾ ਸਮਝਦਾ ਹੈ
ਮਨੁੱਖ ਜੇ ਆਪਣਾ ਆਪ ਸਮਝੇ ਤੇ ਜਾਣੇ
ਕਿ ਮਨੁੱਖ ਪਾਣੀ ਦਾ ਬੁਲਬੁਲਾ ਹੈ
ਰੇਤ ਦਾ ਜ਼ਰਾ ਹੈ
ਜੋ ਧਰਤ ਤੋਂ ਬਿਨਾਂ ਪੌਣਾਂ 'ਚ ਖੜ੍ਹਾ ਹੈ

0 0 0

# ਗਿਆਨ

ਗਿਆਨ ਜੋ ਜੀਵਨ 'ਚ ਫੈਲਦਾ ਹੈ
ਤਾਂ ਜੀਵਨ ਬੰਦਸ਼ਾਂ ਤੋਂ ਦੂਰ ਹੁੰਦਾ ਹੈ
ਪੂਰਵ ਨੈਤਿਕਤਾ ਤਿਆਗਦਾ ਹੈ
ਲੋਕ ਧਰਾਵਾਂ ਦੇ ਨਵੇਂ ਅਰਥ ਸਿਰਜਦਾ ਹੈ
ਜੀਵਨ
ਜੀਵਨ ਸੱਚ ਦੇ ਪਾਸ ਹੁੰਦਾ ਹੈ
ਆਪਣੇ ਸੱਚ ਦੇ ਪਾਸ ਹੋਣਾ ਹੀ
ਸਭ ਤੋਂ ਵੱਡਾ ਸਰਮਾਇਆ ਹੈ
ਜੋ ਗਿਆਨ ਦੇ ਹਿੱਸੇ 'ਚ ਆਇਆ ਹੈ

-0-

ਗਿਆਨ ਜੋ ਮਨੁੱਖਾਂ 'ਚ ਫੈਲਦਾ ਹੈ
ਤਾਂ ਮਨੁੱਖ ਆਪਣੇ ਸੱਚ ਤੋਂ ਆਪਾ ਉਤਾਰਦਾ ਹੈ
ਆਪਣੇ ਅੰਦਰਲੇ ਸੱਚ ਤਕ ਪਹੁੰਚ ਜਾਂਦਾ ਹੈ
ਆਪਣੀ ਦੇਹ ਤੋਂ ਅਜ਼ਾਦ ਹੁੰਦਾ ਹੈ
ਬੰਦਸ਼ਾਂ ਬਿਨਾਂ ਅਬਾਦ ਹੁੰਦਾ ਹੈ

-0-

ਮੋਹ ਮਾਇਆ ਲੋਭ ਕਰੋਧ ਹੰਕਾਰ ਨੂੰ
ਆਪਣੇ ਚੋਂ ਨਿਚੋੜਦਾ ਹੈ
ਆਪਣੇ ਆਪ ਨੂੰ ਆਪਣੇ ਸੱਚ ਨਾਲ ਜੋੜਦਾ ਹੈ
ਲਹੂ ਦੇ ਰਿਸ਼ਤਿਆਂ ਦੇ ਮੋਹ ਤੋਂ ਮੁਕਤ ਹੁੰਦਾ ਹੈ
ਜੜ੍ਹਾਂ ਤੇ ਫ਼ਲਾਂ ਦਾ ਲਾਲਚ ਤਿਆਗਦਾ ਹੈ
ਆਪਣਾ ਸੱਚ ਆਪਣੇ ਦੁਆਲੇ ਉਸਾਰਦਾ ਹੈ
ਸੱਚ ਨੂੰ ਸੱਚ 'ਚ ਉਤਾਰਦਾ ਹੈ
ਸੁੱਚਾ ਹੋ ਆਪਾ ਕਾਇਆ ਕਲਪ ਕਰਦਾ ਹੈ
ਆਪਣਾ ਮਨ ਬੁੱਧੀ ਤੇ ਅੰਦਰ ਨਿਖਾਰਦਾ ਹੈ
ਗਿਆਨ ਦੇ ਸੂਰਜ ਦੀਆਂ ਕਿਰਨਾਂ
ਅੰਦਰ ਉਤਾਰਦਾ ਹੈ

-0-

ਆਪਣੇ ਚਾਨਣ 'ਚ ਬੈਠਦਾ ਹੈ
ਆਪਣੀ ਪ੍ਰਕਿਰਤੀ ਆਪਣਾ ਅਕਾਸ਼
ਹਵਾ ਜਲ ਅੱਗ ਤੇ ਧਰਤ ਚੋਂ
ਆਪਣੀ ਖ਼ੁਸ਼ਬੂ ਲੈਂਦਾ ਹੈ
ਆਪਣਾ ਚਿਹਰਾ ਤੱਕਦਾ ਹੈ
ਆਪਣੀ ਦੇਹ ਦਾ ਦਰਵਾਜ਼ਾ ਖੋਲ੍ਹਦਾ ਹੈ
ਆਪਣੇ ਆਪ ਨਾਲ ਬਹਿੰਦਾ ਹੈ
ਆਪਣੇ ਆਪ ਨੂੰ ਸੁਣਦਾ ਹੈ
ਆਪਣੇ ਆਪ ਨਾਲ ਬੋਲਦਾ ਹੈ
ਆਪਣੇ ਬਿੰਦੂ ਚੋਂ ਦਾਇਰੇ
ਦਾਇਰਿਆਂ ਚੋਂ ਦਾਇਰਿਆਂ ਦਾ
ਦਾਇਰਾ ਉਸਾਰਦਾ ਹੈ
ਆਪਣੇ ਜਿਸਮ ਦੀ ਸ਼ਕਤੀ ਤੇ ਮਹਿਕ
ਦੁਆਲੇ ਖਿਲਾਰਦਾ ਹੈ
ਲਹੂ ਦੇ ਨੈਣ ਨਕਸ਼ ਸਿਜਰਦਾ ਹੈ
ਲਹੂ ਦੀ ਦੁਨੀਆਂ ਉਸਾਰਦਾ ਹੈ

-0-

ਗਿਆਨ

ਜੇ ਪੱਥਰ ਦੇ ਬੁੱਤ 'ਚ ਪ੍ਰਵੇਸ਼ਿਆ ਜਾਵੇ
ਤਾਂ ਬੁੱਤ ਰੱਬ ਦਾ ਰੁੱਤਬਾ ਤੇ ਮੰਦਰ ਤਿਆਗ ਦਿੰਦਾ ਹੈ
ਪੱਥਰ ਦੀ ਦੁਨੀਆਂ 'ਚ ਪਰਤ ਜਾਂਦਾ ਹੈ
ਆਪਣੀ ਘਾੜਤ ਤੋਂ ਮੁਕਤ ਹੋਏ
ਪੱਥਰ ਦਾ ਰੂਪ ਧਾਰਦਾ ਹੈ
ਆਪਣੇ ਨਕਸ਼ਾਂ ਤੇ ਅੰਗਾਂ ਦੀ ਖ਼ੂਬਸੂਰਤੀ
ਆਪਣੇ ਮੂਲ ਅਣਘੜ ਪੱਥਰ 'ਚ ਉਤਾਰਦਾ.ਹੈ
ਆਪਣੀ ਪੂਜਾ ਤੇ ਪੁਜਾਰੀਆਂ ਦਾ ਭਾਰ
ਸਿਰ ਤੋਂ ਲਾਹ ਕੇ ਮੁਕਤ ਹੁੰਦਾ ਹੈ
ਆਪਣਾ ਆਪਾ ਆਪਣੀ ਦੇਹ ਤੋਂ ਉਤਾਰਦਾ ਹੈ
ਆਪਣੇ ਸੱਚ 'ਚ ਸੰਯੁਕਤ ਹੁੰਦਾ ਹੈ
ਆਪਣੇ ਅਸਲੇ ਨਾਲ ਜੁੜਦਾ ਹੈ
ਆਪਣੇ ਭਰਮ ਤੋਂ ਮੁਕਤ ਹੁੰਦਾ ਹੈ

-0-

ਗਿਆਨ
ਜੇ ਜੀਵਨ ਦੇ ਲਹੂ 'ਚ ਫੈਲਦਾ ਹੈ
ਤਾਂ ਜੀਵਨ ਦੀ ਨਸ ਨਸ ਰੌਸ਼ਨ ਕਰਦਾ ਹੈ
ਜੀਵਨ ਨੂੰ ਜੀਵਨ ਦਾ ਲਕਸ਼
ਮਨੁੱਖ ਨੂੰ ਮਨੁੱਖਤਾ ਦਾ ਰਾਹ ਦਸਦਾ ਹੈ
ਮਨੁੱਖ 'ਚ ਮਨੁੱਖਤਾ
ਮਨੁੱਖਤਾ 'ਚ ਹੀ ਮਨੁੱਖ ਦਾ ਰੱਬ ਵਸਦਾ ਹੈ
ਪੱਤੇ ਪੱਤੇ ਚੋਂ ਜੰਗਲ ਸਿਰਜਦਾ ਹੈ
ਕਣ ਕਣ 'ਚ ਪ੍ਹਾੜ ਵੇਖਦਾ ਹੈ
ਜ਼ੱਰੇ ਜ਼ੱਰੇ 'ਚ ਧਰਤੀ ਉੱਤਾਰਦਾ ਹੈ
ਨਵਾਂ ਆਸਮਾਂ ਨਵੀਆਂ ਦਿਸ਼ਾਵਾਂ
ਜਨਮਦਾ ਹੈ
ਮਨੁੱਖ ਦੇ ਪੈਰਾਂ 'ਚ ਨਵੀਆ ਗਤੀਆ ਉੱਗਾਂਦਾ ਹੈ
ਨਜ਼ਰ ਲਈ ਨਵੇਂ ਦਿਸਹੱਦੇ ਸਿਰਜਦਾ ਹੈ
ਜ਼ਿੰਦਗੀ ਦਾ ਹਨ੍ਹੇਰ ਸੀਕਦਾ ਹੈ
ਜ਼ਿੰਦਗੀ ਲਈ ਨਵੀਆਂ ਰਾਹਾਂ
ਨਵੀਆਂ ਮੰਜ਼ਿਲਾਂ ਉਲੀਕਦਾ ਹੈ

-0-

ਗਿਆਨ ਜ਼ਿੰਦਗੀ ਨੂੰ
ਹਰਬੰਦਸ਼ ਤੋਂ ਮੁਕਤ ਕਰਦਾ ਹੈ
ਜ਼ਿੰਦਗੀ ਨੂੰ ਸੁਤੰਤਰ ਹੋਂਦ ਵਜ਼ੂਦ ਤੇ
ਵਿਚਰਨ ਧਰਾਤਲ ਬਖ਼ਸ਼ਦਾ ਹੈ
ਜ਼ਿੰਦਗੀ ਬੇਦਰਾ ਬੇਕੰਧਾ ਵਿਹੜਾ ਹੋ ਗੁਜ਼ਰਦੀ ਹੈ
ਹਰ ਮੁਸਾਫ਼ਰ ਲਈ ਮੰਜ਼ਿਲ ਦਾ ਰਾਹ ਬਣਦੀ ਹੈ
ਜ਼ਿੰਦਗੀ ਦੇ ਮਸਤਕ 'ਚ
ਗਿਆਨ ਦੀ ਜੋਤ ਜਗਦੀ ਹੈ
ਜ਼ਿੰਦਗੀ ਦੀ ਜੋਤ ਜਗਦੀ ਹੈ
ਜ਼ਿੰਦਗੀ ਆਪਣਾ ਕਦਮ
ਜਿਸ ਵੀ ਥਾਂ ਤੇ ਧਰਦੀ ਹੈ
ਜਿਮੀਂ ਚੋਂ ਨੂਰ ਫੁੱਟਦਾ ਹੈ
ਅੰਬਰ ਚੋਂ ਰੌਸ਼ਨੀ ਬਰਸਦੀ ਹੈ

-0-

ਜ਼ਿੰਦਗੀ ਕਿਨਾਰਿਆਂ ਰਹਿਤ
ਨਦੀ ਹੋ ਗੁਜ਼ਰਦੀ ਹੈ
ਜਿਸਦਾ ਕਿਨਾਰਾ ਤੇ ਦੇਹ ਧਰਤੀ ਹੈ
ਜਿਸਦਾ ਅਕਾਰ ਤੇ ਪਸਾਰ ਸਾਗਰ ਹੈ
ਜਿਸਦੀ ਸੇਧ ਗਿਆਨ ਹੈ
ਜੋ ਨਦੀ ਦੇ ਮੱਥੇ 'ਚ ਉਜਾਗਰ ਹੈ
ਉਹ ਗਿਆਨ ਦੇ ਚਾਨਣ 'ਚ
ਆਪਣਾ ਆਪ ਪਾਉਂਦੀ ਹੈ
ਆਪਣੇ ਸੱਚ ਨੂੰ ਅਪੜਦੀ ਹੈ
ਦੇਹ ਤੋਂ ਮੁਕਤ ਹੋ ਜਾਂਦੀ ਹੈ

0 0 0

## ਦੋਸਤੀ

ਪ੍ਰਭਾਵ ਪਹਿਲਾ :-

ਤੇਰੇ ਮੇਰੇ ਵਿਚਕਾਰ ਦੀਵਾਰ ਹੈ
ਅਸੀਂ ਅਜ਼ਨਬੀ ਹਾਂ ਨਾਵਾਕਿਫ਼ ਹਾਂ
ਇਕ ਦੂਜੇ ਨੂੰ ਨਾ ਸਿਆਣ ਸਕਦੇ ਹਾਂ
ਨਾ ਪਹਿਚਾਣ ਸਕਦੇ ਹਾਂ

-0-

ਤੇਰੀ ਆਤਮਾ ਦੁਆਲੇ
ਤੇਰੀ ਦੇਹ ਦਾ ਘੇਰਾ ਹੈ
ਮੇਰੀ ਆਤਮਾ ਦੁਆਲੇ
ਮੇਰੀ ਦੇਹ ਦੀ ਚਾਦਰ ਹੈ
ਦੋਹਾਂ ਦੀ ਦੇਹ 'ਚ ਇਕ ਆਤਮਾ ਦਾ ਡੇਰਾ ਹੈ
ਦੋਸਤੀ ਤੇ ਪਿਆਰ ਦੀ ਸਾਂਝ ਹੈ
ਦੋਸਤੀ ਦਾ ਅਗਾਜ਼ ਹੈ ਸਰੂਪ ਹੈ ਇਜ਼ਹਾਰ ਹੈ
ਇਹ ਦੋਸਤੀ ਦਾ ਅੰਕੁਰ ਹੈ
ਮੂਲ ਹੈ ਵਿਸਥਾਰ ਹੈ
ਦੇਹ ਤੋਂ ਲੋਅ ਦੀ ਦੋਸਤੀ ਦਾ ਸਫਰ ਹੈ
ਜੋ ਮੌਤ ਤੋਂ ਪਹਿਲਾਂ ਵੀ ਹੈ
ਮੌਤ ਤੋਂ ਪਿੱਛੋਂ ਵੀ ਹੈ

-0-

ਤੂੰ ਜੇ ਦੇਹ 'ਚ ਵਸਦੇ
ਸਵੈ ਨੂੰ ਪਹਿਚਾਣ ਲਵੇਂ
ਆਪਣੀ ਦੇਹ ਦੇ ਸੱਚ ਨੂੰ ਜਾਣ ਲਵੇਂ
ਆਪਣੇ ਸਵੈ ਤੋਂ
ਆਪਣੀ ਦੇਹ ਉਤਾਰ ਲਵੇਂ
ਤਾਂ ਮੇਰੇ ਸੱਚ ਨੂੰ ਪਹਿਚਾਣ ਸਕਦਾ ਹੈਂ
ਮੈਂ ਤੇਰੀ ਦੇਹ ਦੇ ਸੱਚ 'ਚ ਉੱਤਰ ਸਕਦਾ ਹਾਂ

ਤੂੰ ਮੇਰੀ ਦੇਹ ਦੇ ਸੱਚ 'ਚ ਸਮਾ ਸਕਦਾ ਹੈਂ
ਆਪਣੇ ਸਵੈ ਦੀ ਰੌਸ਼ਨੀ 'ਚ
ਮੇਰੇ ਸਵੈ ਦਾ ਚਾਨਣ ਪਾ ਸਕਦਾ ਹੈਂ
ਤੇਰੇ ਤੇ ਮੇਰੇ ਚਿਹਰੇ ਦੀ ਪਹਿਚਾਣ ਤੋਂ ਬਿਨਾਂ
ਇਕ ਦੂਜੇ ਤੋਂ ਅਣਜਾਣ ਤੇ ਉਪਰੇ ਹੁੰਦਿਆਂ ਵੀ
ਤੂੰ ਆਪਣੀ ਦੇਹ 'ਚ ਦੋਸਤੀ ਤੇ ਮੁਹੱਬਤ ਦੇ ਬੀਜ
ਬੀਜ ਸਕਦਾ ਹੈਂ
ਮੈਂ ਆਪਣੀ ਦੇਹ 'ਚ ਦੋਸਤੀ ਤੇ ਮੁਹੱਬਤ ਦੇ
ਬੀਜ ਉੱਗਾ ਸਕਦਾ ਹਾਂ

-0-

ਸਵੈ ਦੇ ਚਾਨਣ ਦੀ ਖੁਸ਼ਬੂ
ਤੇਰੀ ਦੇਹ ਤੋਂ ਮੇਰੀ ਦੇਹ ਤੱਕ ਤੁਰੇਗੀ
ਦੋਸਤੀ ਤੇ ਮੁਹੱਬਤ ਦੀ ਲੋਅ
ਤੇਰੇ ਤੋਂ ਮੇਰੇ ਵੱਲ
ਮੇਰੇ ਤੋਂ ਤੇਰੇ ਵੱਲ ਮੁੜੇਗੀ
ਤੇਰੇ ਤੇ ਮੇਰੇ ਵਿਚਲੀ ਦੇਹ ਦੀ ਦੀਵਾਰ
ਭਰੇਗੀ
ਮੇਰੀਆਂ ਕਿਰਨਾਂ ਤੇਰੇ ਸੂਰਜ 'ਚ ਸਮਾਉਣਗੀਆਂ
ਮੇਰੇ ਚੰਨ ਦੇ ਵਜੂਦ 'ਚ
ਤੇਰੀ ਚਾਂਦਨੀ ਘੁਲੇਗੀ
ਤੇਰੀ ਦੇਹ ਚੋਂ ਉਠੇਗੀ ਮੇਰੀ ਦੇਹ 'ਚ ਉਤਰੇਗੀ
ਤੇਰੀ ਲੋਅ ਮੇਰੀ ਹੋ ਜਾਏਗੀ
ਬੇਸ਼ਕ
ਅਸੀਂ ਇਕ ਦੂਜੇ ਤੋਂ ਅਣਜਾਣ ਹਾਂ
ਤੂੰ ਆਪਣੀ ਵਿੱਥ ਤੇ ਧਰਤੀ ਹੈਂ
ਮੈਂ ਆਪਣੀ ਵਿੱਥ ਤੇ ਅਸਮਾਨ ਹਾਂ

-0-

ਤੇਰੀ ਤੇ ਮੇਰੀ ਛੱਤ 'ਤੇ
ਦੋ ਸਾਏ ਰੋਜ਼ ਮਿਲਦੇ ਹਨ
ਇਕ ਦੂਜੇ 'ਚ ਉਤਰਦੇ ਹਨ
ਸਿਮਟਦੇ ਹਨ
ਇੱਕ ਦੂਜੇ 'ਚ ਘੁਲਦੇ ਹਨ ਪਿਘਲਦੇ ਹਨ
ਆਪਣੀ ਆਪਣੀ ਹੋਂਦ ਭੁੱਲਦੇ ਹਨ
ਇੱਕ ਦੂਜੇ 'ਚ ਖੋਹ ਜਾਂਦੇ ਹਨ
ਇੱਕ ਹੋ ਜਾਂਦੇ ਹਨ
ਇਹ ਸਾਏ
ਤੇਰੀ ਤੇ ਮੇਰੀ ਦੇਹ ਵਿਚਲੀ ਲੋਅ ਹਨ
ਸੱਚ ਹਨ
ਦੇਹ ਤੇ ਪ੍ਰਾਣ ਤੋਂ ਅਜ਼ਾਦ ਹਨ
ਸੁਤੰਤਰ ਤੇ ਅਬਾਦ ਹਨ
ਇਨ੍ਹਾਂ ਨੂੰ ਆਪਣੀ ਦੇਹ ਸਿਆਨਣ ਦੀ ਲੋੜ ਨਹੀਂ
ਇਹ ਹਨ ਤਾਂ ਦੇਹ 'ਚ ਜਾਨ ਹੈ
ਨਹੀਂ ਤਾਂ ਦੇਹ ਮਿੱਟੀ ਸਮਾਨ ਹੈ
ਅਸਲ ਦੇਹ ਦੀ ਇਹ ਪਹਿਚਾਣ ਹਨ
ਦੇਹ ਦੇ ਮਿੱਟੀ ਦੇ ਪ੍ਰਾਣਾ ਦੇ ਪ੍ਰਾਣ ਹਨ
ਚਾਨਣ ਦਾ ਨੂਰ ਹਨ
ਦੇਹ-'ਚੋਂ ਬਿੰਦੂ ਹਨ
ਬਿੰਦੂਆਂ 'ਚ ਅਕਾਰਾਂ ਦੇ ਅਕਾਰ ਹਨ
ਦੇਹ ਦੇ ਅੰਦਰ ਵੀ ਹਨ ਦੇਹ 'ਦੇ ਬਾਹਰ ਵੀ ਹਨ
ਇਹ ਲੋਅ ਹਨ
ਇਹ ਲੋਅ ਮਰਨ ਤੋਂ ਪਹਿਲਾਂ ਜਨਮਦੀ ਹੈ
ਮਰਨ ਤੋਂ ਪਿੱਛੋਂ ਵੀ ਜਗਦੀ ਹੈ

-0-

ਪ੍ਰਭਾਵ ਦੂਜਾ

ਦੁਨਿਆਵੀ ਅੱਖ ਦੀ ਦੋਸਤੀ :-

ਤੇਰੀ ਤੇ ਮੇਰੀ ਜੋਤ
ਪਹਿਲਾਂ ਆਪਣੀ ਆਪਣੀ ਦੇਹ ਤਿਆਗੇਗੀ
ਫਿਰ ਦੇਹ ਮਿੱਟੀ 'ਚ ਬਦਲ ਜਾਏਗੀ
ਤੇਰੇ ਤੇ ਮੇਰੇ ਵਿਚਾਲੇ
ਚੁੱਪ ਉਦਾਸੀ ਤੇ ਅਜ਼ਨਬੀਪਣ ਪਸਰੇਗਾ
ਤੇਰੀ ਤੇ ਮੇਰੀ ਮਿੱਟੀ ਚੋਂ
ਕਬਰਾਂ ਦਾ ਵਿਸਥਾਰ ਹੋਵੇਗਾ
ਤੇ ਸ਼ਮਸ਼ਾਨ ਉੱਗ ਖਲੋਵੇਗਾ
ਮੇਰੇ ਪੈਰਾਂ ਚੋਂ ਧਰਤੀ ਤਿਲਕ ਜਾਵੇਗੀ
ਤੇਰੇ ਸਿਰ ਤੋਂ
ਅੰਬਰ ਆਲੋਪ ਹੋ ਜਾਵੇਗਾ
ਨਜ਼ਰ 'ਚ ਦੋਸਤੀ ਦੀ ਥਾਂ ਉਪਰਾਪਣ ਹੋਵੇਗਾ
ਤੇ ਆਪਣੀ ਦੋਸਤੀ
ਦਾ ਡੁੱਬ ਗਿਆ ਸੂਰਜ
ਹੋ ਨਸ਼ਰ ਜਾਵੇਗਾ

-0-

ਤੇਰੀ ਮੇਰੀ ਕਬਰ ਚੋਂ
ਜਲਹੀਣ ਸਹਿਰਾ ਦਾ ਵਜੂਦ ਜਨਮੇਗਾ
ਦੋਸਤੀ ਦਾ ਅਰਥ ਭੁਰੇਗਾ
ਅਜ਼ਨਬੀਪਣ ਦਾ ਜੰਗਲ ਉੱਗੇਗਾ
ਦੁਆਲੇ ਫੈਲ ਜਾਏਗਾ
ਸਾਡੀ ਪਹਿਚਾਣ ਨਿਗਲੇਗਾ
ਆਪਣੀ ਪਹਿਚਾਣ ਸਾਡੇ 'ਚ ਧਰੇਗਾ

-0-

ਤੂੰ ਜਦ ਵੀ
ਆਪਣਾ ਚਿਹਰਾ ਸ਼ੀਸ਼ੇ 'ਚ ਤੱਕੇਗਾ
ਮੈਂ ਤੈਨੂੰ
ਤੇਰੇ ਚਿਹਰੇ ਚੋਂ ਨਜ਼ਰ ਨਹੀਂ ਆਵਾਂਗਾ
ਮੈਂ ਤੇਰੇ ਨੈਣਾਂ 'ਚ ਦੇਹ ਸੰਗ
ਬਲਦੀ ਦੋਸਤੀ ਦਾ ਸਿਵਾ ਧਰ ਜਾਵਾਂਗਾ
ਇਸ ਸਿਵੇ ਦੀ ਰਾਖ਼ ਨੂੰ
ਤੂੰ ਜਦ ਵੀ ਛੋਹੇਗਾ
ਬੂਹਾ ਢੋਹ ਲਵੇਗਾ
ਕਬਰ 'ਚ ਸੁੱਤਾ ਵੀ ਰੋਏਗਾ

-0-

ਮੈਂ ਵੀ
ਆਪਣੇ ਅਜ਼ਨਬੀਪਣ 'ਚ ਗੁਆਚਾ
ਆਪਣੀ ਪਹਿਚਾਣ ਭਾਲਾਂਗਾ
ਆਪਣੇ ਅੰਗ ਟੋਹਾਂਗਾ
ਤੇਰੇ ਨਕਸ਼ ਸਿਰਜਾਂਗਾ
ਆਪਣੀ ਪਹਿਚਾਣ ਲਈ
ਆਪਣਾ ਲਹੂ ਉਬਾਲਾਂਗਾ
ਆਪਣਾ ਆਪਾ ਉਧੇੜਾਂਗਾ
ਆਪਣੇ ਆਪ ਨੂੰ ਤੇਰੇ ਤੋਂ ਨਿਖੇੜਾਂਗਾ
ਫਿਰ ਤੇਰੇ ਵਿਛੋੜੇ ਦਾ ਅਹਿਸਾਸ ਹੋਵੇਗਾ
ਦੇਹ ਤਿਆਗੀ ਆਤਮਾ ਲਈ
ਮੇਰੀ ਮਿੱਟੀ ਦੀ ਢੇਰੀ ਦਾ ਮਨ ਉਦਾਸ ਹੋਵੇਗਾ
ਉਦਾਸੀ 'ਚ
ਆਪਣੀ ਪਹਿਚਾਣ ਦਾ ਅਹਿਸਾਸ ਹੋਵੇਗਾ

-0-

ਪ੍ਰਭਾਵ ਤੀਜਾ
ਦੋਸਤੀ ਦਾ ਯਥਾਰਥਕ ਸੱਚ :-
ਤੇਰੀ ਮਿੱਟੀ ਦੀ ਢੇਰੀ

ਦੋਸਤੀ ਦੀ ਲੋਅ ਦੇ ਵਿਛੋੜੇ
'ਚ ਰੋਏਗੀ ਸੀਤ ਹੌਕਾ ਭਰੇਗੀ
ਅੱਥਰੂਆਂ ਦੇ ਨਾਲ
ਦੋਸਤੀ ਦੇ ਜ਼ਖਮ ਧੋਏਗੀ
ਦੋਸਤੀ ਲੋਅ ਦੇ ਨਾਲ ਹੀ ਦੇਹ ਤਿਆਗ ਗਈ
ਦੇਹ ਮੌਤ ਤੋਂ ਉਰਾਂ ਰਹਿ ਗਈ
ਦੋਸਤੀ ਦੀ ਲੋਅ ਮੌਤ ਤੋਂ ਅਗੇਰੇ ਚਲੀ ਗਈ
ਜਿੱਥੇ ਨਾ ਕੋਈ ਦੇਹ ਦੀ ਬੰਦਸ਼ ਹੈ
ਨਾ ਪ੍ਰਾਣਾਂ ਦੀ ਮੁਥਾਜ਼ੀ ਹੈ
ਸੁਤੰਤਰ ਹੋਂਦ ਹੈ ਸੁਤੰਤਰ ਪਸਾਰ ਹੈ
ਸੁਤੰਤਰ ਆਤਮਾ ਦਾ ਸੁਤੰਤਰਤਾ 'ਚ ਵਾਸ ਹੈ
ਮੌਤ ਤੋਂ ਉਰਾਂ ਕਬਰ ਦੀ ਮਿੱਟੀ 'ਚ
ਦੋਸਤੀ ਦਾ ਅਹਿਸਾਸ ਹੈ
ਮੌਤ ਤੋਂ ਅਗੇਰੇ ਦੋਸਤੀ ਜੀ ਰਹੀ
ਲੋਅ ਦਾ ਬਲਦਾ ਚਿਰਾਗ ਹੈ

-0-

ਦੋਸਤੀ ਦੀ ਕਬਰ ਤੇ
ਦੋਸਤੀ ਦੇ ਅਹਿਸਾਸ ਲਈ
ਜੇ ਕੋਈ ਦੀਵਾ ਹੈ ਬਾਲਦਾ
ਦੋਸਤੀ ਤੇ ਪਿਆਰ ਦੀ ਹੈ ਆਰਤੀ ਉਤਾਰਦਾ
ਤਾਂ ਕਬਰ ਦੀ ਚੁੱਪ ਬੋਲਦੀ ਹੈ
ਦੀਵਾ ਜਗਾਉਣ ਵਾਲੇ ਦੀ
ਦੇਹ ਦੇ ਦਰਵਾਜ਼ੇ ਰੋਸ਼ਨਦਾਨ ਤੇ
ਖਿੜਕੀਆਂ ਖੋਲ੍ਹਦੀ ਹੈ
ਇਸ ਕਬਰ 'ਚ ਦੋਸਤੀ ਦੇ
ਅਹਿਸਾਸ ਦੀ ਫੈਲੀ ਉੱਜਾੜ ਹੈ
ਬਹਾਰ ਨਹੀਂ
ਇਕ ਕਬਰ ਹੈ ਦੋਸਤੀ ਦਾ ਦੁਆਰ ਨਹੀਂ

-0-

ਦੋਸਤੀ ਦਾ ਦਰ ਤੂੰ ਖੁਦ ਆਪ ਹੈਂ
ਤੂੰ ਹੀ ਆਪਣਾ ਪੁਜਾਰੀ ਪੂਜਾ ਤੇ ਪੂਜਣਹਾਰ ਹੈਂ
ਤੇਰੀ ਦੇਹ 'ਚ ਵਸਦਾ ਹੈ ਜੋ
ਉਸ ਨੂੰ ਪਹਿਚਾਣ
ਤੇਰੀ ਦੇਹ 'ਚ ਹੈ ਜਿਸ ਜੀਵਨ ਧਰਿਆ
ਤੇਰੀ ਦੇਹ ਦੇ ਪ੍ਰਾਣਾਂ ਦਾ ਜੋ ਹੈ ਪ੍ਰਾਣ
-0-
ਉਹ ਤੇਰਾ ਦੋਸਤ ਹੈ ਤੇਰੀ ਦੋਸਤੀ ਹੈ
ਤੇਰੀ ਦੇਹ ਦਾ ਪ੍ਰਮਾਣ ਤੇ ਦੇਹ ਦੀ ਰੌਸ਼ਨੀ ਹੈ
ਉਸ ਬਿਨਾਂ ਤੇਰੀ ਦੇਹ ਮੇਰੇ ਵਾਂਗ
ਮਿੱਟੀ ਦੀ ਢੇਰੀ ਹੈ
ਜਿਸ ਦਾ ਰੰਗ ਰੂਪ ਤੇ ਸ਼ਕਲ ਮੇਰੀ ਹੈ
ਦੋਸਤੀ ਦੇ
ਅਹਿਸਾਸ 'ਚ ਜੋ ਲਪੇਟੀ ਹੈ
ਚੁੱਪ ਇਕੱਲਤਾ ਤੇ ਉੱਜਾੜਾ ਜੀ ਰਹੀ
ਆਪਣੀ ਲੋਅ ਨਾਲ ਮੇਰੀ ਦੋਸਤੀ ਸੀ
ਇਹ ਮਿੱਟੀ ਦੀ ਕਬਰ
ਆਪਣੀ ਲੋਅ ਦਾ ਚਾਨਣ ਹੰਢਾ ਰਹੀ ਹੈ
ਇਸ ਲਈ ਇਸ ਮਿੱਟੀ ਦੀ ਢੇਰੀ ਚੋਂ
ਦੋਸਤੀ ਦੇ ਅਹਿਸਾਸ ਦੀ ਖੁਸ਼ਬੂ ਆ ਰਹੀ ਹੈ
0 0 0

## ਹਸਤਨਾਪੁਰ ਦਾ ਧੜ

ਹਸਤਨਾਪੁਰ ਦਾ ਸੁਨਹਰੀ ਯੁੱਗ :-

ਮੇਰਾ ਦੁਸ਼ਮਣ ਹੀ ਮੇਰਾ ਆਪਾ ਹੈ
ਮੇਰਾ ਮਿੱਤਰ ਵੀ ਮੇਰਾ ਆਪਾ ਹੈ
ਮੈਂ ਆਪਣੇ ਅੰਦਰਲੇ ਕੁਰੂਕਸ਼ੇਤਰ 'ਚ
ਕੌਰਵ ਵੀ ਹਾਂ ਪਾਂਡਵ ਵੀ ਹਾਂ
ਕੌਰਵਾਂ ਤੇ ਪਾਂਡਵਾਂ ਦੇ ਸਿਰ ਦਾ ਧੜ ਹਾਂ
ਮੈਂ ਹਸਤਨਾਪੁਰ
ਕੌਰਵਾਂ ਦਾ ਸ਼ੋਰ ਹਾਂ
ਪਾਂਡਵਾਂ ਦੀ ਸੁਰ ਹਾਂ

-0-

ਮੇਰਾ ਦੁਸ਼ਮਣ ਆਪਾ
ਮੇਰੇ ਸਾਵੇਂ ਫੌਜਾਂ ਦੇ ਲਸ਼ਕਰ
ਲੈ ਕੇ ਖੜਾ ਹੈ
ਘੋੜੇ ਹਾਥੀਆਂ ਤੇ ਸੈਨਿਕਾਂ ਦੇ ਸਾਗਰ ਹਨ
ਤੀਰਾਂ ਤਲਵਾਰਾਂ
ਤੇ ਢਾਲਾਂ ਦੇ ਅੰਬਾਰ ਹਨ
ਜੋਧੇ ਰੱਥਾਂ ਤੇ ਪੈਦਲ ਕੁਰੂਕਸ਼ੇਤਰ 'ਚ
ਬੇਸ਼ੁਮਾਰ ਹਨ
ਬਿਗਲਾਂ ਤੇ ਸੰਖਾਂ ਦੀ ਗੂੰਜ
ਅਸਮਾਨੀ ਗੂੰਜਦੀ ਹੈ
ਬਰੂਦ ਤੇ ਅੱਗ ਦੀ ਭਰਮਾਰ ਹੈ
ਮੇਰਾ ਮਿੱਤਰ
ਮੇਰੇ ਤੇ ਦੁਸ਼ਮਣ ਦੇ ਵਿਕਾਰ ਹੈ

-0-

ਮੇਰਾ ਆਪਾ
ਕੌਰਵਾਂ ਤੇ ਪਾਂਡਵਾਂ ਦੀ ਦੇਹ
ਹਸਤਨਾਪੁਰ ਹੈ
ਜਿਸ 'ਚ ਸੋਨੇ ਦੀਆਂ ਨਦੀਆਂ
ਚਾਂਦੀ ਦੇ ਦਰਿਆ ਵਗਦੇ ਹਨ
ਤਾਂਬੇ ਦੇ ਸਮੁੰਦਰ 'ਚ ਮੇਰੀ ਧਰਤੀ ਖੇਡਦੀ ਹੈ
ਹਿਕਮਤ ਸਮੱਗਰੀ ਦੇ ਪਹਾੜਾਂ
ਤੇ ਚਾਨਣ ਦੇ ਰੁੱਖਾਂ 'ਚ ਮੇਰਾ ਵਸੇਰਾ ਹੈ
ਚਾਂਦੀ ਦੀ ਧਰਤ ਸੋਨੇ ਦਾ
ਆਸਮਾ ਮੇਰਾ ਹੈ

-0-

ਕੁਦਰਤੀ ਸੋਮਿਆਂ ਤੇ ਨਿਹਮਤਾ
ਦੀ ਮੈਂ ਬੁੱਕਲ ਮਾਰੀ ਹੈ
ਚੰਨਾਂ ਸੂਰਜਾਂ ਤਾਰਿਆਂ ਦੀ ਲੋਅ
ਵਿੱਹੜੇ 'ਚ ਉਤਾਰੀ ਹੈ
ਸੁਨਹਿਰੀ ਸੁੱਬ੍ਹਾ ਤੇ ਪਿੱਤਲ ਦੀ
ਸ਼ਾਮ ਹੈ ਮੇਰੀ
ਚਿੱਟਾ ਦਿਨ ਤੇ ਚਾਨਣੀ ਰਾਤ ਹੈ ਮੇਰੀ
ਮੇਰੇ ਤਖ਼ਤ ਤੇ ਕਾਦਰ ਬਰਾਜਮਾਨ ਹੈ
ਮੇਰੀ ਗੋਦ 'ਚ
ਪ੍ਰਕਿਰਤੀ ਦੀ ਸੁਗਾਤ ਹੈ

-0-

ਭਾਰਤ ਵਰਸ਼ ਦਾ
ਨਕਸ਼ ਨਕਸ਼ ਅੰਗ ਅੰਗ
ਮੇਰੀ ਦੇਹ 'ਚ ਸਮਾਇਆ ਹੈ
ਮੈਂ ਭਾਰਤ ਵਰਸ਼ ਦੀ

ਗਗਨ ਦੇ ਥਾਲ੍ਹ 'ਚ
ਚੰਨਾਂ ਤਾਰਿਆਂ ਦੀ ਸਮੱਗਰੀ ਸੰਗ
ਆਰਤੀ ਉਤਾਰਦਾ ਹਾਂ
ਹਸਤਨਾਪੁਰ ਭਾਰਤ ਵਰਸ਼ ਦੀ
ਉਪਮਾਂ ਗਾਉਂਦਾ ਹੈ
ਹਸਤਨਾਪੁਰ ਸਦਕਾ
ਭਾਰਤ ਸੋਨੇ ਦੀ ਚਿੜੀ ਕਹਾਉਂਦਾ ਹੈ
-0-
ਹਸਤਨਾਪੁਰ ਦੇ ਯੁੱਗ 'ਚ
ਮੰਦਰਾਂ 'ਚ ਰੱਬ ਵਸਦਾ ਹੈ
ਮਸੀਤਾਂ 'ਚ ਅੱਲ੍ਹਾ ਦੀ ਅਵਾਜ਼ ਹੈ
ਮੈਂ ਹਸਤਨਾਪੁਰ ਪ੍ਰਕਿਰਤੀ ਦਾ
ਰੰਗ ਰੂਪ ਤੇ ਸਾਜ਼ ਹਾਂ
ਭਾਰਤ ਵਰਸ਼ ਪੈਰਾਂ ਤੋਂ ਕੰਠ ਤੱਕ
ਮੇਰੀ ਸੁਰ ਹੈ ਮੇਰੀ ਅਵਾਜ਼ ਹੈ
ਮੈਂ ਮਾਲੀ ਹਾਂ ਇਸਦਾ
ਇਹ ਮੇਰਾ ਗੁਲਜ਼ਾਰ ਹੈ
ਹਸਤਨਾਪੁਰ ਭਾਰਤ ਵਰਸ਼ ਦੀ ਗੋਦ ਹੈ
ਕੁਦਰਤ ਤੇ ਕਰਤੇ ਦਾ ਉਤਾਰ ਹੈ
-0-
ਜਿਸਦੀ ਹਰਿਆਵਲ 'ਚ
ਸੋਨੇ ਦੇ ਪੰਛਿਆਂ ਦਾ ਵਸੇਰਾ ਹੈ
ਜੰਗਲ਼ਾਂ ਜੂਹਾਂ ਬੇਲਿਆਂ 'ਚ
ਪਸ਼ੂ ਪਕਸ਼ੀਆਂ ਜੀਵ ਜੰਤੂਆਂ ਦਾ ਡੇਰਾ ਹੈ
ਜਲ ਦੀ ਦੁਨੀਆਂ 'ਚ ਵਸਦਾ ਮੇਰਾ ਚੁਫੇਰਾ ਹੈ
ਮੇਰੇ ਅੰਦਰ ਤੇ ਬਾਹਰ ਚਾਨਣ ਹੈ ਸ਼ਾਂਤੀ ਹੈ
ਮਸਤਕ 'ਚ ਸੂਰਜਾਂ ਦਾ ਡੇਰਾ ਹੈ
ਮੈਂ ਪਰਜਾ ਦੀ ਅੱਖ ਦਾ ਚਾਨਣ ਹਾਂ

ਹਾਕਮ ਦੀ ਜ਼ਬਾਨ ਤੇ ਨਿਆਏ ਦਾ ਬੋਲ ਹਾਂ
ਪਰਜਾ 'ਚ ਹਕੂਮਤ ਹਾਂ
ਹਕੂਮਤ 'ਚ ਪਰਜਾ ਦੀ ਸੁਰ ਹਾਂ ਸ਼ੋਰ ਹਾਂ
ਮੈਂ ਬਾਗਾਂ ਦੀ ਕੋਇਲ ਹਾਂ
ਜੰਗਲਾਂ ਦਾ ਮੋਰ ਹਾਂ
ਮੈਂ ਹਸਤਨਾਪੁਰ
ਭਾਰਤ ਵਰਸ਼ ਦਾ ਲਹੂ ਹਾਂ
ਪਹਿਣਨ ਹਾਂ ਉਤਾਰਾ ਹਾਂ
ਮੈਂ ਹਸਤਨਾਪੁਰ ਹੀ ਭਾਰਤ ਵਰਸ਼ ਸਾਰਾ ਹਾਂ

-0-

ਮੈਂ ਹਸਤਨਾਪੁਰ
ਮੇਰੇ ਮਿੱਤਰ ਮੇਰੀ ਧਰਤੀ
ਮੇਰਾ ਆਸਮਾਂ ਜਲ ਪੌਣ ਹੈ
ਜੋ ਮੇਰਿਆਂ ਰਾਹਾਂ 'ਚ ਸੂਰਜ ਵਾਂਗ ਵਿਛਦੇ ਹਨ
ਬਲਦੇ ਹਨ
ਮੇਰੀ ਸੁਰੱਖਸ਼ਾ ਲਈ
ਦੁਆਲੇ ਆਪਾ ਓੜ ਰੱਖਦੇ ਹਨ
ਤੂਫਾਨਾਂ ਹਨ੍ਹੇਰੀਆਂ ਝੱਖੜਾਂ
ਆਫਤਾਂ ਤੇ ਮੁਸੀਬਤਾਂ 'ਚ
ਮੇਰੇ ਨਾਲ ਤੁਰਦੇ ਹਨ
ਮੇਰੇ ਨਾਲ ਖੜ੍ਹਦੇ ਹਨ
ਮੇਰੇ ਨਾਲ ਜਿਉਂਦੇ ਹਨ
ਮੇਰੇ ਨਾਲ ਮਰਦੇ ਹਨ
ਮੇਰੇ ਆਦਿ ਮੱਧ ਤੇ ਅੰਤ ਦੇ ਰਖਵਾਲੇ ਹਨ
ਪਾਂਡਵ ਭੀਸ਼ਮ ਪਿਤਾਮਾ ਦਰੋਣਾਚਾਰੀਆ
ਕ੍ਰਿਪਾ ਚਾਰੀਆ ਬਿੰਦਰ ਤੇ ਗੋਕਲ ਦੇ ਗੁਅਲੇ ਹਨ

-0-

ਮੇਰੇ ਮਿੱਤਰ
ਕਬਰ ਚੋਂ ਜ਼ਿੰਦਗੀ
ਸ਼ਮਸ਼ਾਨ ਚੋਂ ਗੁਲਜ਼ਾਰ ਸਿਰਜਦੇ ਹਨ
ਚੁੱਪ ਨੂੰ ਸ਼ੋਰ ਦੀ ਭਾਸ਼ਾ
ਸ਼ੋਰ ਨੂੰ ਸੁਰ ਸਿੱਖਾਉਂਦੇ ਹਨ
ਪਿਆਰ ਸਾਂਝੀਵਾਲਤਾ ਕਲਿਆਣ
ਤੇ ਏਕਤਾ ਦੇ ਦੀਵੇ ਜਗਾਉਂਦੇ ਹਨ
ਦੁਸ਼ਮਣ ਚੋਂ ਦੋਸਤੀ ਉਪਜੇ
ਦੁਸ਼ਮਣ ਦੇ ਧੁਰ ਅੰਦਰ ਤੱਕ ਉੱਤਰ ਜਾਂਦੇ ਹਨ

-0-

## ਹਸਤਨਾਪੁਰ ਦੀ ਢਹਿੰਦੀ ਕਲਾ

ਕਈ ਵਾਰ ਦੋ ਦੇਹਾਂ
ਇਕ ਆਤਮਾ ਦਾ ਸੱਚ ਕਬੂਲਦੀਆਂ ਹਨ
ਮਿੱਤਰਤਾ ਜਨਮਦੀਆਂ ਹਨ
ਪਾਂਡਵਾਂ ਨੇ
ਕੌਰਵਾਂ ਦੀ ਆਤਮਾ ਦਾ ਸੱਚ ਕਬੂਲਿਆ
ਪਰ ਕੌਰਵਾਂ ਨੇ
ਪਾਂਡਵਾਂ ਦਾ ਸੱਚ ਕਬੂਲਣ ਤੋਂ ਇਨਕਾਰ ਕਰ ਦਿੱਤਾ
ਪਾਂਡਵਾਂ ਦੇ ਸੱਚ ਤੇ
ਝੂਠਾ ਇਲਜ਼ਾਮ ਧਰ ਦਿੱਤਾ

-0-

ਮੈਂ ਹਸਤਨਾਪੁਰ
ਦਰੋਪਤੀ ਦਾਅ ਤੇ ਲਗਦੀ ਹਰਦੀ ਤੇ
ਉਸਦਾ ਚੀਰ ਹਰਨ ਆਪ ਅੱਖੀਂ ਵੇਖਿਆ ਹੈ
ਭਾਰਤ ਮਾਤਾ ਦੀ ਪੱਤ ਲਹਿੰਦੀ ਮੈਂ ਸਹਾਰੀ ਹੈ
ਆਪਣੇ ਲਹੂ 'ਚ
ਜਿਉਂਦੀ ਮੌਤ ਮੈਂ ਉਤਾਰੀ ਹੈ
ਮੈਂ ਤਾਂ ਉਸ ਦਿਨ ਤੋਂ ਹੀ ਮਾਂਮਿੱਟਰ

ਤੇ ਬਸਤਰ ਹੀਣ ਹੋ ਗਿਆਂ
ਮੇਰੀ ਮਾਂ ਨੂੰ
ਸੂਰਜਾਂ ਦੀ ਤਾਬ 'ਚ
ਜਿਸ ਦਰਯੋਦਨ ਦਾ ਅੰਨ੍ਹਾਂ ਕਾਮ ਛੋਹ ਗਿਆ
ਪਿਓ ਵਰਗੀਆਂ ਅੱਖਾਂ ਦੇ ਪਹਿਰੇ 'ਚ
ਭਰਾਵਾਂ ਵਰਗੀਆਂ
ਬਾਹਾਂ ਦੀ ਛਾਂ ਹੇਠਾਂ
ਆਪਣੀ ਕੁੱਖ ਚੋਂ ਜਨਮੀ ਧੀ ਵਰਗੀ ਨੂੰਹ ਦੇ
ਬਸਤਰ ਉਤਾਰੇ ਗਏ
ਸ਼ਰਮੋਹਜ਼ਾ ਤੇ ਔਰਤ ਦੇ ਨੰਗੇ ਅੰਗ
ਹੱਵਸ ਤੇ ਕਾਮ ਦੇ ਦਰਬਾਰ 'ਚ ਖਿਲਾਰੇ ਗਏ
-0-
ਧਰਿਤਰਾਸ਼ਟਰ ਦੇ ਪੁੱਤਰ ਮੋਹ ਨੇ
ਮਾਵਾਂ ਧੀਆਂ ਔਰਤਾਂ ਦੀ ਲਾਜ ਦੇ ਆਹੂ ਲਾ ਦਿੱਤੇ
ਵੈਸ਼ੀਆਂ ਤੋਂ ਨੀਵਾਂ ਮੰਦਾ ਹਾਲ ਔਰਤ ਦਾ
ਧੋਖੇ ਨਾਲ ਕੌਰਵਾਂ ਨੇ
ਪਾਂਡਵਾਂ ਦਾ ਸੱਭ ਕੁੱਝ ਹੱਥਿਆ ਲਿਆ
ਤਖ਼ਤ ਦੇ ਵਾਰਸਾਂ ਨੇ
ਪਾਂਡਵਾਂ ਦੇ ਪੈਰਾਂ 'ਚ ਬਨਵਾਸ ਦਾ ਜੰਗਲ ਉੱਗਾ ਦਿੱਤਾ
ਮਿੱਤਰਤਾ ਦੀ ਥਾਂ
ਦੁਸ਼ਮਣੀ ਨੂੰ ਜਨਮਿਆ
ਮੈਂ ਹਸਤਨਾਪੁਰ
ਮੇਰੇ ਮਿੱਤਰ ਪਾਂਡਵਾਂ ਨੂੰ
ਮੇਰੀ ਛਾਂ ਹੇਠੋਂ ਉੱਠਾ ਲਿਆ
-0-
ਮੇਰੇ ਜਿਸਮ ਚੋਂ ਲਹੂ ਦੀਆਂ ਨਦੀਆਂ
ਵਗਾ ਦਿੱਤੀਆਂ

ਮੇਰੀ ਗੋਦ 'ਚ ਖੇਡਦੇ ਬਾਲਾਂ ਦੀਆਂ
ਲਾਸ਼ਾਂ ਵਿਛਾ ਦਿੱਤੀਆਂ
ਮੇਰੇ ਮੱਥੇ 'ਚ ਕੁਰੂਕਸ਼ੇਤਰ ਧਰ ਦਿੱਤਾ
ਮੇਰੀ ਪ੍ਰਕਿਰਤੀ ਲੂਹ ਦਿੱਤੀ
ਮੇਰੀਆਂ ਪੌਣਾਂ ਸੁੱਕਾ ਦਿੱਤੀਆ
ਮੇਰੇ ਮੂੰਹ ਤੇ ਸ਼ਮਸ਼ਾਨ ਧਰ ਦਿੱਤਾ
ਮੇਰੀ ਦੇਹ ਨੂੰ ਕਬਰਾਂ ਨਾਲ ਭਰ ਦਿੱਤਾ
ਮੇਰੇ 'ਚ ਹੱਸਦੀ ਵੱਸਦੀ ਜ਼ਿੰਦਗੀ ਮੁਕਾ ਦਿੱਤੀ
ਮੌਤ ਮੇਰੇ ਪਹਿਰੇ ਬਿਠਾ ਦਿੱਤੀ


-0-

ਮੇਰੀ ਦੇਹ ਚੋਂ ਰੁੱਖਾਂ ਦੀ ਥਾਂ ਖੰਡਰ ਉੱਗ ਆਏ
ਮੇਰੇ ਲਹੂ ਮਾਸ ਦੀ ਦੇਹ ਨੂੰ ਮਿੱਟੀ ਨੇ ਖਾ ਲਿਆ
ਮੈਂ ਆਪਣਾ ਥੇਹ
ਆਪਣੇਂ ਚੋਂ ਉੱਗਾ ਲਿਆ
ਮੇਰੇ ਪੈਰਾਂ ਚੋਂ ਧਰਤੀ ਤਿਲਕ ਗਈ
ਮੇਰੇ ਸਿਰ ਤੋਂ ਅੰਬਰ ਉਠਾ ਲਿਆ
ਮੇਰੀ ਪ੍ਰਕਿਰਤੀ 'ਚ ਪਤਝੱੜ ਉੱਗ ਆਈ
ਮੇਰੇ ਮੌਸਮਾਂ ਨੂੰ ਅੱਗਾਂ ਨੇ ਖਾ ਲਿਆ
ਵੀਰਾਨੀ ਫੈਲ ਗਈ ਮੇਰੇ ਅੰਦਰ ਤੇ ਬਾਹਰ ਵੀ
ਕਿਰਲੀਆਂ ਕੀੜਿਆਂ ਮਕੌੜਿਆਂ ਕਾਢਿਆਂ
ਤੇ ਚਮਗਿਦੜਾਂ ਨੇ
ਮੇਰੀ ਦੇਹ ਨੂੰ ਘੁਰਨਾ ਬਣਾ ਲਿਆ

-0-

ਮੇਰੇ ਖੰਡਰ ਚੋਂ
ਹੁਣ ਜਦ ਕਦੀ ਵੀ ਹਸਤਨਾਪੁਰ ਝਾਕਦਾ ਹੈ
ਆਖਦਾ ਹੈ
ਕਿੱਥੇ ਗਏ ਤੇਰੇ ਦਰਬਾਰੀ ਹਾਥੀ ਘੋੜੇ ਤੇ ਅਹਿਲਕਾਰ
ਤੇਰੀ ਸ਼ਾਨੋ ਸ਼ੌਕਤ ਰਾਗ ਰੰਗਰਲੀਆਂ
ਤੇਰੀ ਹਿੱਕ ਤੇ ਸੁਸ਼ੋਬਤ ਤਾਜ ਤਖ਼ਤ ਹੁਕਮਰਾਨ

ਨਰਤਕੀਆ ਨਿਰਤ ਤੇ ਸਾਜ਼ੋ ਸਮਾਨ
ਕਿੱਥੇ ਗਏ ਉਹ ਬੋਲ
ਜਿਨ੍ਹਾਂ ਦੀ ਅਵਾਜ਼
ਨਿਆਏ ਤੇ ਅਨਿਆਏ ਦਾ
ਸਬੱਬ ਬਣਦੀ ਸੀ
ਕਿੱਥੇ ਗਏ ਉਹ ਰਾਜ ਕੁਮਾਰ
ਚੌਦਾਂ ਯੋਜਨ ਛੱਤਰ ਸੀ ਜਿਨ੍ਹਾਂ ਦੇ ਸਿਰ ਝੂਲਦਾ
ਡੁੱਬਦਾ ਨਹੀਂ ਸੀ ਸੂਰਜ
ਜਿਨ੍ਹਾਂ ਦੇ ਨੂਰ ਦਾ
-0
ਮੈਂ ਹਸਤਨਾਪੁਰ
ਜਿਸ ਤਾਜ ਤੇ ਤਖ਼ਤ ਦਾ ਭਾਰ
ਆਪਣੇ ਸਿਰ ਤੇ ਚੁੱਕਿਆ ਸੀ
ਉਸ ਤਖ਼ਤ ਦਾ ਵਾਰਸ ਧਰਿਤਰਾਸ਼ਟਰ
ਕਦੀ ਵੀ ਮੇਰੇ ਰੂ-ਬ-ਰੂ ਨਹੀਂ ਹੋਇਆ
ਕਦੀ ਵੀ ਮੇਰੇ ਅੱਥਰੂ ਨਹੀਂ ਪੂੰਝੇ
ਕਦੀ ਵੀ ਹੱਥਾਂ ਦੇ ਨਾਲ ਮੇਰਾ ਸਿਰ ਨਹੀਂ ਛੋਹਿਆ
ਮੇਰੇ ਫੁੱਲ ਵਰਗੇ ਬਦਨ ਚੋਂ
ਉਸ ਪੱਥਰ ਉੱਗਾਏ ਹਨ
-0-
ਨਾ ਪਾਂਡਵਾਂ ਦਾ ਕੁੱਝ ਗਿਆ
ਨਾ ਕੌਰਵਾਂ ਦਾ ਕੁੱਝ ਗਿਆ
ਜਿੱਤ ਵੀ ਮੇਰੀ ਹਾਰ ਵੀ ਮੇਰੀ
ਜਿੱਤ ਮੇਰੀ ਚੋਂ ਖੰਡਰ ਉੱਗ ਆਏ ਹਨ
ਹਾਰ ਮੇਰੀ
ਮੇਰਾ ਹਸਤਨਾਪੁਰ ਖਾ ਗਈ
ਮੈਂ ਖੰਡਰਾਂ ਦੇ ਹਿੱਸੇ ਆ ਗਿਆ
ਹਸਤਨਾਪੁਰ ਖੰਡਰਾਂ 'ਚ ਸਮਾ ਗਿਆ।
0 0 0



ਵਿਗਿਆਨ ਦਾ ਗਿਆਨ ਵਧਿਆ ਹੈ
ਜੀਵਨ ਦਾ ਅੰਗ ਅੰਗ ਫੈਲਿਆ ਤੇ ਵਿਗਸਿਆ ਹੈ
ਜੀਵਨ ਬਿੰਦੂਆਂ ਤੋਂ ਦਾਇਰਿਆਂ 'ਚ ਬਦਲਿਆ ਹੈ
ਗਿਆਨ ਦੀਵਿਆਂ ਤੋਂ ਸੂਰਜਾਂ 'ਚ ਢਲ ਗਿਆ ਹੈ
ਵਿਗਿਆਨ ਦੀ ਰੌਸ਼ਨੀ 'ਚ
ਮਨੁੱਖਤਾ ਝੁਲਸੀ ਹੈ
ਮਨੁੱਖ ਆਪਣੇ ਪੈਰਾਂ 'ਚ ਸੁੰਘੜਿਆ ਹੈ
ਧਰਤੀ ਦੀ ਕੁੱਖ ਉੱਜੜੀ ਹੈ
ਅੰਬਰ ਦੀ ਹਿੱਕ ਤੇ ਕੋਈ ਮੱਘਦੇ
ਅੰਗਿਆਰ ਧਰ ਗਿਆ ਹੈ।

ਚਰਨ ਸਿੰਘ

Tarlochan Publishers

MURKO MURKI PAUN